Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20*Issue 99 | Wednday, May 19, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਮਾਰਚ ਵਿੱਚ ਹੀ ਫੋਰਟਿਨ ਉੱਤੇ ਲੱਗੇ ਦੋਸ਼ਾਂ ਤੋਂ ਜਾਣੂ ਸਨ ਰੱਖਿਆ ਮੰਤਰੀ ਹਰਜੀਤ ਸੱਜਣ

ਓਟਵਾ, 18 ਮਈ (ਪੋਸਟ ਬਿਊਰੋ) : ਮੇਜਰ ਜਨਰਲ ਡੈਨੀ ਫੋਰਟਿਨ ਦੇ ਕੈਨੇਡਾ ਦੇ ਵੈਕਸੀਨ ਵੰਡ ਸਬੰਧੀ ਪ੍ਰੋਗਰਾਮ ਤੋਂ ਪਾਸੇ ਹੋਣ ਤੋਂ ਕਈ ਹਫਤੇ ਪਹਿਲਾਂ ਤੋਂ ਹੀ ਰੱਖਿਆ ਮੰਤਰੀ ਹਰਜੀਤ ਸੱਜਣ ਇਹ ਜਾਣਦੇ ਸਨ ਕਿ ਫੋਰਟਿਨ ਦੇ ਸਬੰਧ ਵਿੱਚ ਫੌਜੀ ਜਾਂਚ ਸ਼ੁਰੂ ਹੋ ਚੁੱਕੀ ਹੈ।



ਇੱਕ ਬਿਆਨ ਵਿੱਚ ਸੱਜਣ ਦੇ ਆਫਿਸ ਵੱਲੋਂ ਇਹ ਆਖਿਆ ਗਿਆ ਕਿ ਕਾਰਜਕਾਰੀ ਚੀਫ ਆਫ ਡਿਫੈਂਸ ਸਟਾਫ ਲੈਫਟੀਨੈਂਟ ਜਨਰਲ ਵੇਅਨ ਆਇਰ ਤੇ ਡਿਪਟੀ ਮਨਿਸਟਰ ਆਫ ਨੈਸ਼ਨਲ ਡਿਫੈਂਸ ਜੋਡੀ ਥਾਮਸ ਵੱਲੋਂ ਸੱਜਣ ਨੂੰ ਇਹ ਜਾਣਕਾਰੀ ਦਿੱਤੀ ਗਈ ਸੀ ਕਿ ਕੈਨੇਡੀਅਨ ਫੋਰਸਿਜ਼ ਨੈਸ਼ਨਲ ਇਨਵੈਸਟੀਗੇਸ਼ਨ ਸਰਵਿਸਿਜ਼ ( ਸੀ ਐਫ ਐਨ ਆਈ ਐਸ ) ਵੱਲੋਂ ਫੋਰਟਿਨ ਖਿਲਾਫ ਸਾਹਮਣੇ ਆਏ ਦੋਸ਼ਾਂ ਦੀ ਜਾਂਚ ਸ਼ੁਰੂ ਕੀਤੀ ਗਈ ਹੈ। ਇਹ ਜਾਣਕਾਰੀ ਉਸੇ ਮਹੀਨੇ ਦੇ ਦਿੱਤੀ ਗਈ ਸੀ ਜਦੋਂ ਜਾਂਚ ਸ਼ੁਰੂ ਹੋਈ ਸੀ।

ਸੱਜਣ ਦੇ ਪ੍ਰੈੱਸ ਸੈਕਟਰੀ ਡੇਨੀਅਲ ਮਿੰਡਨ ਨੇ ਆਖਿਆ ਕਿ ਸੱਜਣ ਨੇ ਉਸ ਸਮੇਂ ਇਹ ਆਖਿਆ ਸੀ ਕਿ ਸ਼ਿਕਾਇਤਕਰਤਾ ਨੂੰ ਕਿਸੇ ਤਰ੍ਹਾਂ ਦੀ ਮਦਦ ਦੀ ਲੋੜ ਤਾਂ ਨਹੀਂ ਤੇ ਉਨ੍ਹਾਂ ਇਹ ਵੀ ਆਖਿਆ ਸੀ ਕਿ ਜਾਂਚ ਸਹੀ ਢੰਗ ਨਾਲ ਪੂਰੀ ਹੋਣੀ ਚਾਹੀਦੀ ਹੈ। ਇਹ ਜਾਣਕਾਰੀ ਉਦੋਂ ਹਾਸਲ ਹੋਈ ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਗਲਵਾਰ ਨੂੰ ਪੱਤਰਕਾਰਾਂ ਨੂੰ ਇਹ ਦੱਸਿਆ ਕਿ ਉਨ੍ਹਾਂ ਨੂੰ ਕੁੱਝ ਹਫਤੇ ਪਹਿਲਾਂ ਫੋਰਟਿਨ ਉੱਤੇ ਲੱਗੇ ਇਨ੍ਹਾਂ ਦੋਸ਼ਾਂ ਬਾਰੇ ਪਤਾ ਲੱਗਿਆ ਤੇ ਇਹ ਵੀ ਦੱਸਿਆ ਗਿਆ ਕਿ ਇਸ ਸਬੰਧ ਵਿੱਚ ਜਾਂਚ ਸ਼ੁਰੂ ਹੋਈ ਹੈ। ਪਰ ਟਰੂਡੋ ਨੇ ਇਹ ਵੀ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਵਿਸਥਾਰ ਵਿੱਚ ਜਾਣਕਾਰੀ ਨਹੀਂ ਸੀ ਕਿ ਦੋਸ਼ ਕੀ ਲੱਗੇ ਹਨ।

## ਕੋਵਿਡ-19 ਵੈਕਸੀਨ ਦੀ ਵੰਡ ਦਾ ਕੰਮਕਾਜ ਦੇਖੇਗੀ ਬ੍ਰਿਗੇਡੀਅਰ ਜਨਰਲ ਬ੍ਰੌਡੀ : ਟਰੂਡੋ

ਓਟਵਾ, 18 ਮਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਕੈਨੇਡਾ ਭਰ ਵਿੱਚ ਹਰ ਹਫਤੇ ਪਹੁੰਚਣ ਵਾਲੀਆਂ ਕੋਵਿਡ-19 ਵੈਕਸੀਨ ਦੀਆਂ ਕਈ ਮਿਲੀਅਨ ਡੋਜ਼ਾਂ ਦੀ ਵੰਡ ਦਾ ਕੰਮਕਾਜ ਹੁਣ ਬ੍ਰਿਗੇਡੀਅਰ ਜਨਰਲ ਕ੍ਰਿਸਟੀਆ ਬ੍ਰੌਡੀ ਵੇਖੇਗੀ। ਉਨ੍ਹਾਂ ਇਹ ਵੀ ਆਖਿਆ ਕਿ ਜੁਲਾਈ ਦੇ ਮਹੀਨੇ ਕੋਵਿਡ-19 ਵੈਕਸੀਨ ਦੀ ਡਲਿਵਰੀ ਸਮੇਂ ਸਿਰ ਹੋਣ ਦੀ ਪੂਰੀ ਸੰਭਾਵਨਾ ਹੈ।



ਬ੍ਰੌਡੀ ਮੇਜਰ ਜਨਰਲ ਡੈਨੀ ਫੋਰਟਿਨ ਦੀ ਥਾਂ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ (ਪੀ ਐਚ ਏ ਸੀ) ਦੇ ਵੈਕਸੀਨ ਲਾਜਿਸਟਿਕਸ ਐਂਡ ਆਪਰੇਸ਼ਨਜ਼ ਦੀ ਵਾਈਸ ਪ੍ਰੈਜ਼ੀਡੈਂਟ ਹੋਵੇਗੀ। ਬੀਤੇ ਸ਼ੁੱਕਰਵਾਰ ਨੂੰ ਫੋਰਟਿਨ ਵੱਲੋਂ ਵੈਕਸੀਨ ਦੀ ਵੰਡ ਸਬੰਧੀ ਜ਼ਿੰਮੇਵਾਰੀ ਤੋਂ ਪਾਸੇ ਹੋਣ ਤੇ ਉਨ੍ਹਾਂ ਸਬੰਧੀ ਫੌਜੀ ਜਾਂਚ ਸ਼ੁਰੂ ਹੋਣ ਤੋਂ ਬਾਅਦ ਪਹਿਲੀ ਵਾਰੀ ਮੰਗਲਵਾਰ ਨੂੰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਅਸੀਂ ਇਸ ਟੀਚੇ ਨੂੰ ਪੂਰਾ ਕਰਕੇ ਹੀ ਸਾਹ ਲਵਾਂਗੇ। ਟਰੂਡੋ ਨੇ ਆਖਿਆ ਕਿ ਬ੍ਰੌਡੀ ਦਾ ਸਾਥ ਦੇਣ ਲਈ ਸਾਡੀ ਉਹ ਟੀਮ ਮੌਜੂਦ ਹੈ ਜਿਹੜੀ ਪਹਿਲੇ ਦਿਨ ਤੋਂ ਇਹ ਕੰਮ ਕਰ ਰਹੀ ਹੈ ਤੇ ਰਲ ਕੇ ਸਾਰੇ ਆਉਣ ਵਾਲੇ ਹਫਤਿਆਂ ਵਿੱਚ ਕੈਨੇਡੀਅਨਾਂ ਤੱਕ ਮਿਲੀਅਨ ਡੋਜ਼ਾਂ ਪਹੁੰਚਾਉਣ ਵਿੱਚ ਕਾਮਯਾਬ ਰਹਿਣਗੇ।

ਬ੍ਰੌਡੀ ਉਸ ਸਮੇਂ ਇਹ ਜ਼ਿੰਮੇਵਾਰੀ ਸਾਂਭ ਰਹੀ ਹੈ ਜਦੋਂ ਕੋਵਿਡ-19 ਵੈਕਸੀਨ ਵਧੇਰੇ ਮਾਤਰਾ ਵਿੱਚ ਤੇ ਸਹਿਜੇ ਉਪਲਬਧ ਹੋ ਰਹੀਆਂ ਹਨ। ਵਿਰੋਧੀ ਐਮਪੀਜ਼ ਦਾ ਕਹਿਣਾ ਹੈ ਕਿ ਉਹ ਬਾਰੀਕੀ ਨਾਲ ਇਸ ਗੱਲ ਉੱਤੇ ਨਜ਼ਰ ਰੱਖ ਰਹੇ ਹਨ ਕਿ ਜ਼ਿੰਮੇਵਾਰੀਆਂ ਵਿੱਚ ਹੋਈ ਵੱਡੀ ਰੱਦੋਬਦਲ ਕਾਰਨ ਵੰਡ ਪ੍ਰਕਿਰਿਆ ਵਿੱਚ ਕੋਈ ਵਿਘਨ ਨਾ ਪਵੇ।

Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

## ਜਲਦ ਹੀ ਲਿਆਂਦਾ ਜਾਵੇਗਾ ਓਨਟਾਰੀਓ ਦਾ ਰੀਓਪਨਿੰਗ ਪਲੈਨ : ਐਲੀਅਟ

ਓਨਟਾਰੀਓ, 18 ਮਈ (ਪੋਸਟ ਬਿਊਰੋ) : ਪ੍ਰੋਵਿੰਸ ਦੀ ਸਿਹਤ ਮੰਤਰੀ ਦਾ ਕਹਿਣਾ ਹੈ ਕਿ ਪ੍ਰੋਵਿੰਸ ਦੀ ਰੀਓਪਨਿੰਗ ਦਾ ਪਲੈਨ ਜਲਦ ਹੀ ਲਿਆਂਦਾ ਜਾਵੇਗਾ। ਉਨ੍ਹਾਂ ਆਖਿਆ ਕਿ ਓਨਟਾਰੀਓ ਨੂੰ ਸੇਫ ਤੇ ਧਿਆਨ ਨਾਲ ਖੋਲ੍ਹਣ ਲਈ ਉਹ ਚੀਫ ਮੈਡੀਕਲ ਆਫੀਸਰ ਆਫ ਹੈਲਥ ਤੇ ਮੈਡੀਕਲ ਮਾਹਿਰਾਂ ਨਾਲ ਰਲ ਕੇ ਕੰਮ ਕਰ ਰਹੀ ਹੈ।

ਇਹ ਪੁੱਛੇ ਜਾਣ ਉੱਤੇ ਕਿ ਇਹ ਪਲੈਨ ਕਦੋਂ ਤੱਕ ਆ ਜਾਵੇਗਾ ਤਾਂ ਕ੍ਰਿਸਟੀਨ ਐਲੀਅਟ ਕੋਈ ਖਾਸ ਤਰੀਕ ਜਾਂ ਤਫਸੀਲ ਤਾਂ ਨਹੀਂ ਦੇ ਸਕੇ ਸਗੋਂ ਉਨ੍ਹਾਂ ਆਖਿਆ ਕਿ ਅਜਿਹਾ ਜਲਦ ਹੀ ਹੋਵੇਗਾ। ਉਨ੍ਹਾਂ ਇਹ ਵੀ ਆਖਿਆ ਕਿ ਇਹ ਸੈਕਟਰ ਦੇ ਹਿਸਾਬ ਨਾਲ ਹੋਵੇਗਾ। ਇਸ ਦੌਰਾਨ ਪ੍ਰੀਮੀਅਰ ਡੱਗ ਫੋਰਡ ਦੇ ਆਫਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਜਦੋਂ ਪ੍ਰੋਵਿੰਸ ਦੇ ਵੱਖ ਵੱਖ ਹਿੱਸਿਆਂ ਨੂੰ ਖੋਲ੍ਹਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ ਤਾਂ ਉਹ ਕਲਰ ਕੋਡ ਵਾਲੇ ਫਰੇਮਵਰਕ ਦੇ ਹਿਸਾਬ ਨਾਲ ਨਹੀਂ ਹੋਵੇਗੀ।



ਕਿਊਬਿਕ ਵੱਲੋਂ ਆਪਣੇ ਰੀਓਪਨਿੰਗ ਪਲੈਨ ਦਾ ਐਲਾਨ ਅੱਜ ਕੀਤੇ ਜਾਣ ਦੀ ਸੰਭਾਵਨਾ ਹੈ। ਪ੍ਰੋਵਿੰਸ ਦੇ ਪ੍ਰੀਮੀਅਰ ਵੱਲੋਂ ਇਹ ਸੰਕੇਤ ਦਿੱਤਾ ਜਾ ਚੁੱਕਿਆ ਹੈ ਕਿ ਇਹ ਸਸਕੈਚਵਨ ਦੇ ਰੀਓਪਨਿੰਗ ਪਲੈਨ ਉੱਤੇ ਨਿਰਭਰ ਕਰੇਗਾ। ਸਸਕੈਚਵਨ ਵੱਲੋਂ ਸਾਰੀਆਂ ਗਤੀਵਿਧੀਆਂ ਚੀਫ ਮੈਡੀਕਲ ਆਫੀਸਰ ਡਾ· ਡੇਵਿਡ ਵਿਲੀਅਮਜ਼ ਪਹਿਲਾਂ ਇਹ ਆਖ ਚੁੱਕੇ ਹਨ ਕਿ ਪਾਬੰਦੀਆਂ ਖੋਲ੍ਹੇ ਜਾਣ ਤੋਂ ਪਹਿਲਾਂ ਉਹ ਰੋਜ਼ਾਨਾ ਕੇਸ 1000 ਤੋਂ ਹੇਠਾਂ ਵੇਖਣਾ ਚਾਹੁੰਦੇ ਹਨ।

ਇਸ ਦੌਰਾਨ ਇਹ ਵੀ ਪਤਾ ਲੱਗਿਆ ਹੈ ਕਿ ਕੋਵਿਡ-19 ਸਾਇੰਸ ਐਡਵਾਈਜ਼ਰੀ ਟੇਬਲ ਦੇ ਡਾ· ਪੀਟਰ ਜੂਨੀ ਦਾ ਮੰਨਣਾ ਹੈ ਕਿ ਆਊਟਡੋਰ ਐਕਟੀਵਿਟੀਜ਼ ਅਗਲੇ ਹਫਤੇ ਜਾਂ ਇੱਕ ਦੋ ਹਫਤਿਆਂ ਵਿੱਚ ਸ਼ੁਰੂ ਕਰ ਦਿੱਤੀਆਂ ਜਾਣਗੀਆਂ। ਜੂਨੀ ਨੂੰ ਇਹ ਆਸ ਵੀ ਹੈ ਕਿ ਸਕੂਲ ਅਗਲੇ ਅਕਾਦਮਿਕ ਸਾਲ ਦੇ ਖ਼ਤਮ ਹੋਣ ਤੋਂ ਪਹਿਲਾਂ ਮੁੜ ਖੋਲ੍ਹ ਦਿੱਤੇ ਜਾਣਗੇ। ਜ਼ਿਕਰਯੋਗ ਹੈ ਕਿ ਫੋਰਡ ਸਰਕਾਰ ਨੇ ਪ੍ਰੋਵਿੰਸ ਪੱਧਰ ਉੱਤੇ 2 ਜੂਨ ਤੱਕ ਸਟੇਅ ਐਟ ਹੋਮ ਆਰਡਰਜ਼ ਵਿੱਚ ਵਾਧਾ ਕੀਤਾ ਹੈ ਤੇ ਇਸ ਦੌਰਾਨ ਸਕੂਲ ਵੀ ਬੰਦ ਰਹਿਣਗੇ।

ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਰੀਓਪਨਿੰਗ ਪਲੈਨ ਜਾਰੀ ਕਰਨ ਵਿੱਚ ਹੋ ਰਹੀ ਦੇਰ ਉੱਤੇ ਚਿੰਤਾ ਪ੍ਰਗਟਾਈ। ਉਨ੍ਹਾਂ ਆਖਿਆ ਕਿ ਸਰਕਾਰ ਵੱਲੋਂ ਮਾਹਿਰਾਂ ਦੀ ਰਾਇ ਵੱਲ ਧਿਆਨ ਨਾ ਦੇਣਾ ਵੱਡੀ ਸਮੱਸਿਆ ਹੈ।

## ਵੈਕਸੀਨ ਉਤਪਾਦਨ ਲਈ ਮਿਸੀਸਾਗਾ ਪਲਾਂਟ ਵਾਸਤੇ ਫੈਡਰਲ ਸਰਕਾਰ ਦੇਵੇਗੀ 200 ਮਿਲੀਅਨ ਡਾਲਰ

ਓਟਵਾ, 18 ਮਈ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਮਿਸੀਸਾਗਾ, ਓਨਟਾਰੀਓ ਸਥਿਤ ਰਿਲਾਇੰਸ ਬਾਇਓਟੈਕਨਾਲੋਜੀਜ਼ ਨੂੰ ਘਰੇਲੂ ਪੱਧਰ ਉੱਤੇ ਵੈਕਸੀਨ ਦੇ ਨਿਰਮਾਣ ਲਈ 200 ਮਿਲੀਅਨ ਡਾਲਰ ਦੇਣ ਦਾ ਵਾਅਦਾ ਕੀਤਾ ਗਿਆ ਹੈ।



ਫੈਡਰਲ ਇਨੋਵੇਸ਼ਨ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਨੇ ਮੰਗਲਵਾਰ ਨੂੰ ਇਸ ਐਲਾਨ ਬਾਰੇ ਗੱਲ ਕਰਦਿਆਂ ਦੱਸਿਆ ਕਿ 199·16 ਮਿਲੀਅਨ ਡਾਲਰ ਕੰਪਨੀ ਦੀ ਫੈਸਿਲਿਟੀਜ਼ ਨੂੰ ਆਧੁਨਿਕ ਰੂਪ ਰੰਗ ਦੇਣ ਤੇ ਕੰਮਕਾਜ ਦੇ ਪਸਾਰ ਉੱਤੇ ਖਰਚਿਆ ਜਾਵੇਗਾ। ਅਸਲ ਵਿੱਚ ਇਹ ਪ੍ਰੋਜੈਕਟ 401·5 ਮਿਲੀਅਨ ਡਾਲਰ ਦਾ ਹੈ।


ਸ਼ੈਂਪੇਨ ਨੇ ਦੱਸਿਆ ਕਿ ਇੱਕ ਵਾਰੀ ਮੁਕੰਮਲ ਹੋਣ ਉੱਤੇ ਇਹ ਨਵੀਂ ਫੈਸਿਲਿਟੀ ਹਰ ਸਾਲ ਐਮ ਆਰ ਐਨ ਏ ਵੈਕਸੀਨਜ਼ ਦੀਆਂ 112 ਮਿਲੀਅਨ ਤੋਂ 640 ਮਿਲੀਅਨ ਡੋਜ਼ਾਂ ਦਰਮਿਆਨ ਤਿਆਰ ਕਰਵਾਉਣ ਦੇ ਸਮਰੱਥ ਹੋਵੇਗੀ। ਇਸ ਨਾਲ ਸਾਡੀ ਵੈਕਸੀਨ ਤਿਆਰ ਕਰਨ ਦੀ ਘਰੇਲੂ ਸਮਰੱਥਾ ਦਾ ਪਸਾਰ ਹੋਵੇਗਾ। ਇਸ ਨਾਲ ਅਸੀਂ ਕੈਨੇਡੀਅਨ ਮਾਰਕਿਟ ਦੇ ਨਾਲ ਨਾਲ ਐਕਸਪੋਰਟ ਮਾਰਕਿਟ ਲਈ ਵੈਕਸੀਨ ਤਿਆਰ ਕਰਨ ਦੇ ਸਮਰੱਥ ਹੋ ਸਕਾਂਗੇ।

ਇਸ ਸਮੇਂ ਫੈਡਰਲ ਸਰਕਾਰ ਨੂੰ ਵੈਕਸੀਨ ਦੀ ਘਰੇਲੂ ਮੰਗ ਨੂੰ ਪੂਰਾ ਕਰਨ ਲਈ ਕੌਮਾਂਤਰੀ ਵੈਕਸੀਨ ਉਤਪਾਦਨ ਉੱਤੇ ਨਿਰਭਰ ਕਰਨਾ ਪੈਂਦਾ ਹੈ। ਉਨ੍ਹਾਂ ਆਖਿਆ ਕਿ ਸਾਡਾ ਬਾਇਓਮੈਨੂਫੈਕਚਰਿੰਗ ਸੈਕਟਰ ਪਿਛਲੇ ਚਾਰ ਦਹਾਕਿਆਂ ਤੋਂ ਠੱਪ ਪਿਆ ਹੈ। ਇਸ ਮੌਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਇਸ ਫੰਡ ਨਾਲ 500 ਦੇ ਨੇੜੇ ਤੇੜੇ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ, ਮਿਸੀਸਾਗਾ ਦੀ ਇਸ ਫੈਸਿਲਿਟੀ ਵਿੱਚ ਫੁੱਲ ਟਾਈਮ ਜੌਬਜ਼ ਦਾ ਮੁੱਢ ਬੱਝੇਗਾ ਤੇ ਕਈ ਪਰਿਵਾਰਾਂ ਨੂੰ ਸਹਾਰਾ ਮਿਲੇਗਾ। ਇਸ ਦੇ ਨਾਲ ਹੀ 50 ਕੋ-ਆਪ ਸਪੌਟਸ ਵੀ ਸ਼ੁਰੂ ਹੋਣਗੇ ਤੇ ਉਭਰਦੇ ਹੋਏ ਸੈਕਟਰ ਵਿੱਚ ਨੌਜਵਾਨਾਂ ਨੂੰ ਨਵੇਂ ਮੌਕੇ ਮਿਲਣਗੇ।

## ਕੈਨੇਡਾ-ਅਮਰੀਕਾ ਸਰਹੱਦੀ ਪਾਬੰਦੀਆਂ 21 ਜੂਨ ਤੱਕ ਵਧੀਆਂ

ਓਟਵਾ, 18 ਮਈ (ਪੋਸਟ ਬਿਊਰੋ) : ਕੈਨੇਡਾ-ਅਮਰੀਕਾ ਸਰਹੱਦ ਨੂੰ ਇੱਕ ਹੋਰ ਮਹੀਨੇ ਲਈ ਗੈਰ ਜ਼ਰੂਰੀ ਆਵਾਜਾਈ ਲਈ ਬੰਦ ਰੱਖੇ ਜਾਣ ਦਾ ਫੈਸਲਾ ਕੀਤਾ ਗਿਆ ਹੈ। ਇਹ ਐਲਾਨ ਉਸ ਸਮੇਂ ਕੀਤਾ ਗਿਆ ਜਦੋਂ ਮੌਜੂਦਾ ਸਮਝੌਤਾ ਮੁੱਕਣ ਵਿੱਚ ਕੁੱਝ ਕੁ ਦਿਨ ਹੀ ਰਹਿ ਗਏ ਸਨ।

ਜ਼ਿਕਰਯੋਗ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਗੈਰ ਜ਼ਰੂਰੀ ਟਰੈਵਲ ਪਾਬੰਦੀਆਂ 21 ਮਾਰਚ, 2020 ਤੋਂ ਹੀ ਹਨ। ਇਨ੍ਹਾਂ ਪ੍ਰਬੰਧਾਂ ਸਦਕਾ ਵਣਜ ਤੇ ਵਪਾਰ ਉੱਤੇ ਕਾਫੀ ਅਸਰ ਪਿਆ ਹੈ। ਇਸ ਦੇ ਨਾਲ ਹੀ ਹੈਲਥ ਕੇਅਰ ਵਰਕਰਜ਼ ਜਿਵੇਂ ਕਿ ਨਰਸਾਂ ਆਦਿ ਜੋ ਕਿ ਸਰਹੱਦ ਦੇ ਪਰਲੇ ਪਾਸੇ ਰਹਿੰਦੇ ਹਨ ਨੂੰ ਵੀ ਕਾਫੀ ਦਿੱਕਤਾਂ ਹੋ ਰਹੀਆਂ ਹਨ।



ਮੰਗਲਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਸੰਕੇਤ ਦਿੱਤਾ ਸੀ ਕਿ ਸੋਸ਼ਲ ਪਾਬੰਦੀਆਂ ਹਟਾਇਆ ਜਾਣਾ ਵੈਕਸੀਨੇਸ਼ਨ ਦੀ ਦਰ ਉੱਤੇ ਨਿਰਭਰ ਕਰਦਾ ਹੈ ਤੇ ਇਸ ਦੇ ਨਾਲ ਹੀ ਕੋਵਿਡ-19 ਵਾਇਰਸ ਦੀ ਕਮਿਊਨਿਟੀ ਟਰਾਂਸਮਿਸ਼ਨ ਵਿੱਚ ਆਉਣ ਵਾਲੀ ਕਮੀ ਉੱਤੇ ਵੀ ਇਹ ਨਿਰਭਰ ਕਰਦਾ ਹੈ।

ਉਨ੍ਹਾਂ ਆਖਿਆ ਕਿ ਅਸੀਂ ਸਾਰੇ ਹੀ ਆਮ ਵਰਗੀ ਜ਼ਿੰਦਗੀ ਜਲਦ ਤੋਂ ਜਲਦ ਚਾਹੁੰਦੇ ਹਾਂ ਪਰ ਇਸ ਲਈ ਸਾਨੂੰ ਕੋਵਿਡ-19 ਕੇਸ ਨਿਯੰਤਰਣ ਵਿੱਚ ਚਾਹੀਦੇ ਹਨ ਤੇ ਇਹ ਵੀ ਚਾਹੀਦਾ ਹੈ ਕਿ 75 ਫੀ ਸਦੀ ਲੋਕ ਵੈਕਸੀਨੇਟ ਹੋ ਚੁੱਕੇ ਹੋਣ। ਪ੍ਰਾਪਤ ਜਾਣਕਾਰੀ ਅਨੁਸਾਰ ਹੁਣ ਤੱਕ ਕੈਨੇਡਾ ਵਿੱਚ 46:05 ਫੀ ਸਦੀ ਲੋਕਾਂ ਨੂੰ ਪਹਿਲੀ ਡੋਜ਼ ਲੱਗ ਚੁੱਕੀ ਹੈ ਤੇ ਸਿਰਫ 3·77 ਫੀ ਸਦੀ ਲੋਕਾਂ ਨੂੰ ਦੂਜੀ ਡੋਜ਼ ਲੱਗੀ ਹੈ। ਇਸ ਦੌਰਾਨ ਅਮਰੀਕਾ ਵਿੱਚ 47·19 ਫੀ ਸਦੀ ਲੋਕਾਂ ਨੂੰ ਪਹਿਲੀ ਡੋਜ਼ ਤੇ 37·03 ਫੀ ਸਦੀ ਲੋਕਾਂ ਨੂੰ ਦੋਵੇਂ ਡੋਜ਼ਾਂ ਲੱਗ ਚੁੱਕੀਆਂ ਹਨ।

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
100% Customer Satisfaction
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licensed Exterminator

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance | Walkie pallet | Electric Motor | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
10GB
$50/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 10GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਜੁਲਾਈ ਵਿੱਚ ਫਾਈਜ਼ਰ ਵੱਲੋਂ ਕੈਨੇਡਾ ਨੂੰ ਦਿੱਤੀ ਜਾਵੇਗੀ 9 ਮਿਲੀਅਨ ਡੋਜ਼

ਓਟਵਾ, 18 ਮਈ (ਪੋਸਟ ਬਿਊਰੋ) : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਗਲਵਾਰ ਨੂੰ ਪੁਸ਼ਟੀ ਕੀਤੀ ਕਿ ਜਲਦ ਹੀ ਕੈਨੇਡਾ ਨੂੰ ਫਾਈਜ਼ਰ ਵੱਲੋਂ ਕੋਵਿਡ-19 ਵੈਕਸੀਨ ਦੀ ਹੁਣ ਤੱਕ ਦੀ ਸੱਭ ਤੋਂ ਵੱਡੀ ਖੇਪ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਨਾਲ ਆਸ ਨਾਲੋਂ ਪਹਿਲਾਂ ਜ਼ਿੰਦਗੀ ਆਮ ਵਰਗੀ ਹੋਣ ਦੀ ਸੰਭਾਵਨਾ ਹੈ।




ਟਰੂਡੋ ਨੇ ਆਖਿਆ ਕਿ ਕੈਨੇਡਾ ਨੂੰ ਜੁਲਾਈ ਵਿੱਚ ਫਾਈਜ਼ਰ ਤੋਂ ਨੌਂ ਮਿਲੀਅਨ ਡੋਜ਼ਾਂ ਹਾਸਲ ਹੋਣ ਦੀ ਉਮੀਦ ਹੈ। ਅਜੇ ਪਿਛਲੇ ਹਫਤੇ ਕੈਨੇਡਾ ਨੂੰ ਇਸ ਵੈਕਸੀਨ ਦੇ ਦੋ ਮਿਲੀਅਨ ਸ਼ੌਟਜ਼ ਹਾਸਲ ਹੋਏ ਸਨ।ਕੈਨੇਡਾ ਨੂੰ ਜੂਨ ਵਿੱਚ ਨੌਂ ਮਿਲੀਅਨ ਡੋਜ਼ਾਂ ਹੋਰ ਹਾਸਲ ਹੋਣ ਦੀ ਆਸ ਹੈ। ਇਹ ਅੱਜ ਪ੍ਰਧਾਨ ਮੰਤਰੀ ਵੱਲੋਂ ਕੀਤੇ ਐਲਾਨ ਨਾਲੋਂ ਵੱਖਰੀ ਖੇਪ ਹੈ।

ਟਰੂਡੋ ਨੇ ਇਹ ਵੀ ਪੁਸ਼ਟੀ ਕੀਤੀ ਕਿ ਇਸ ਹਫਤੇ ਦੇਸ਼ ਵਿੱਚ ਫਾਈਜ਼ਰ ਤੇ ਮੌਡਰਨਾ ਵੈਕਸੀਨਜ਼ ਦੀਆਂ 4·5 ਮਿਲੀਅਨ ਡੋਜ਼ਾਂ ਪਹੁੰਚਣਗੀਆਂ। ਟਰੂਡੋ ਨੇ ਆਖਿਆ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇੱਕ ਵਾਰੀ ਦੇਸ਼ ਵਿੱਚ ਵੈਕਸੀਨ ਦੀ ਵੰਡ ਦਾ ਕੰਮ ਪਛੜ ਗਿਆ ਸੀ ਪਰ ਹੁਣ ਵੈਕਸੀਨੇਸ਼ਨ ਦਾ ਕੰਮ ਲੀਹ ਉੱਤੇ ਆ ਰਿਹਾ ਹੈ। ਉਨ੍ਹਾਂ ਆਖਿਆ ਕਿ ਇਸ ਨਾਲ ਅਸੀਂ ਜੀ-20 ਮੁਲਕਾਂ ਵਿੱਚ ਰੋਜ਼ਾਨਾ ਵੈਕਸੀਨੇਸ਼ਨ ਦੇ ਮਾਮਲੇ ਵਿੱਚ ਮੂਹਰਲੇ ਪਾਏਦਾਨ ਉੱਤੇ ਆ ਜਾਵਾਂਗੇ।

# ਸਿੰਗਾਪੁਰ ਤੋਂ ਕੋਰੋਨਾ ਦਾ ਨਵਾਂ ਤੇ ਹੋਰ ਖਤਰਨਾਕ ਸਿੰਡਰੋਮ ਭਾਰਤ ਆ ਪਹੁੰਚਿਆ

## * ਕੇਜਰੀਵਾਲ ਵੱਲੋਂ ਸਿੰਗਾਪੁਰ ਦੀਆਂ ਉਡਾਣਾਂ ਉੱਤੇ ਤੁਰੰਤ ਰੋਕ ਦੀ ਮੰਗ

ਨਵੀਂ ਦਿੱਲੀ, 18 ਮਈ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਦੇ ਵਧਦੇ ਕਹਿਰ ਦੌਰਾਨ ਅੱਜ ਮੰਗਲਵਾਰ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੰਗ ਕੀਤੀ ਹੈ ਕਿ ਸਿੰਗਾਪੁਰ ਵਿੱਚੋਂ ਆਇਆ ਕੋਰੋਨਾ ਦਾ ਨਵਾਂ ਰੂਪ ਬੱਚਿਆਂ ਲਈ ਬੇਹੱਦ ਖ਼ਤਰਨਾਕ ਦੱਸਿਆ ਜਾ ਰਿਹਾ ਹੈ ਤੇ ਇਹ ਭਾਰਤ ਵਿੱਚ ਤੀਸਰੀ ਲਹਿਰ ਬਣ ਸਕਦਾ ਹੈ। ਉਨਾ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਸਿੰਗਾਪੁਰ ਦੀਆਂ ਫਲਾਈਟਸ ਤੁਰੰਤ ਰੱਦ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਬੱਚਿਆਂ ਲਈ ਵੈਕਸੀਨ ਦੇ ਬਦਲ ਉੱਤੇਵੀ ਪਹਿਲ ਦੇ ਆਧਾਰ ਉੱਤੇ ਕੰਮ ਹੋਣਾ ਚਾਹੀਦਾ ਹੈ।



ਵਰਨਣ ਯੋਗ ਹੈ ਕਿ ਦਿੱਲੀ ਵਿੱਚ ਲਾਕਡਾਊਨ ਲੱਗਣ ਪਿੱਛੋਂ ਕੋਰੋਨਾ ਇਨਫੈਕਸ਼ਨ ਦਰ ਘਟ ਕੇ 8 ਫੀਸਦੀ ਉੱਤੇ ਆ ਗਈ ਹੈ ਅਤੇ ਰਾਜ ਸਰਕਾਰ ਨਹੀਂ ਚਾਹੁੰਦੀ ਕਿ ਇੰਨੀ ਮੁਸ਼ਕਲਨਾਲ ਕੰਟਰੋਲ ਹੋਏ ਹਾਲਾਤ ਫਿਰ ਬੇਕਾਬੂ ਹੋ ਜਾਣ। ਸਿੰਗਾਪੁਰ ਦਾ ਕੋਰੋਨਾ ਵੇਰੀਐਂਟ ਬਹੁਤ ਖ਼ਤਰਨਾਕ ਦੱਸਿਆਗਿਆ ਹੈ।ਇਸ ਲਈ ਜੇ ਫਲਾਈਟਸ ਤੁਰੰਤ ਰੱਦ ਕਰਨ ਦਾ ਫੈਸਲਾ ਹੋ ਜਾਵੇਤਾਂ ਇਸ ਦੇ ਕਹਿਰ ਤੋਂ ਕੁਝ ਬਚਾਅ ਹੋ ਸਕੇਗਾ।ਪਤਾ ਲੱਗਾ ਹੈ ਕਿ ਪਿਛਲੇ ਦਿਨੀਂ ਸਿੰਗਾਪੁਰਦੇ ਕੋਰੋਨਾ ਦੇ ਨਵੇਂ ਕੇਸਾਂ ਵਿੱਚਤੇਜ਼ੀ ਨੂੰ ਦੇਖ ਕੇ 14 ਮਈ ਨੂੰ ਸਿੰਗਾਪੁਰ ਵਿੱਚ ਲੋਕਾਂ ਦੇ ਇਕੱਠੇ ਹੋਣ ਤੇ ਸਰਗਰਮੀਆਂ ਉੱਤੇਰੋਕਾਂ ਸਖ਼ਤ ਕੀਤੀਆਂ ਗਈਆਂ ਹਨ।ਸਿੰਗਾਪੁਰ ਵੈਰੀਐਂਟ ਦੇ ਦਿੱਲੀ ਪੁੱਜਣ ਦੀਆਂ ਖਬਰਾਂ ਨਾਲ ਵੀ ਚਿੰਤਾ ਫੈਲ ਰਹੀ ਹੈ।

# ਸ਼੍ਰੀਲੰਕਾ ਸੁਪਰੀਮ ਕੋਰਟ ਨੇ ਚੀਨ ਨੂੰ ਬੰਦਰਗਾਹ ਦੇਣ ਦੇ ਬਿੱਲ ਨੂੰ ਗ਼ੈਰ ਸੰਵਿਧਾਨਕ ਦੱਸਿਆ

ਕੋਲੰਬੋ, 18 ਮਈ, (ਪੋਸਟ ਬਿਊਰੋ)- ਚੀਨ ਲਈ ਸ੍ਰੀਲੰਕਾ ਦਾ ਇੱਕ ਬੰਦਰਗਾਹ ਸ਼ਹਿਰ ਸੌਂਪਣ ਵਾਲੇ ਬਿੱਲ ਦੀਆਂ ਕਈ ਮੱਦਾਂ ਨੂੰ ਸ਼੍ਰੀਲੰਕਾ ਦੀ ਸੁਪਰੀਮ ਕੋਰਟ ਨੇ ਸੰਵਿਧਾਨ ਦੇ ਖਿਲਾਫ ਦੱਸਿਆ ਹੈ।ਵਰਨਣ ਯੋਗ ਹੈ ਕਿ ਸ਼੍ਰੀਲੰਕਾ ਦੀਆਂ ਵਿਰੋਧੀ ਪਾਰਟੀਆਂ ਵੀ ਇਸ ਬਿੱਲ ਦਾ ਵਿਰੋਧ ਕਰ ਰਹੀਆਂ ਹਨ। ਸਪੀਕਰ ਮਹਿੰਦਾ ਯਾਪਾ ਅਬਯਵਰਦੇਨਾ ਨੇਅੱਜ ਪਾਰਲੀਮੈਂਟ ਵਿੱਚ ਸੁਪਰੀਮ ਕੋਰਟ ਦਾ ਇਹ ਤਾਜ਼ਾ ਆਦੇਸ਼ ਪੜ੍ਹ ਕੇ ਸੁਣਾਇਆ। ਇਸ ਬਾਰੇ ਸਪੀਕਰ ਨੇ ਪਾਰਲੀਮੈਂਟ ਵਿੱਚ ਦੱਸਿਆ ਕਿ ਕੋਲੰਬੋ ਪੋਰਟ ਸਿਟੀ ਇਕੋਨਾਮਿਕ ਕਮਿਸ਼ਨ ਬਿੱਲ ਦੀਆਂ ਕਈ ਮੱਦਾਂ ਨੂੰ ਇਸ ਹਾਊਸ ਤੋਂ ਦੋ ਤਿਹਾਈ ਬਹੁਮਤ ਨਾਲ ਪਾਸ ਕਰਨਾ ਪਵੇਗਾ। ਇਸ ਤੋਂ ਬਿਨਾ ਇਸ ਬਾਰੇਦੇਸ਼ ਪੱਧਰ ਦੀ ਆਮ ਰਾਏ ਕਰਵਾਉਣੀ ਪਵੇਗੀ।ਸ੍ਰੀਲੰਕਾ ਸੁਪਰੀਮ ਕੋਰਟ ਨੇ ਇਸ ਸਾਲ ਅਪ੍ਰੈਲ ਵਿੱਚ ਵਿਰੋਧੀ ਪਾਰਟੀਆਂ ਤੇ ਸਿਵਲ ਸੁਸਾਈਟੀ ਗਰੁੱਪਾਂ ਵੱਲੋਂ ਆਈਆਂ ਕਰੀਬ 18 ਪਟੀਸ਼ਨਾਂਬਾਰੇ ਸੁਣਵਾਈ ਕੀਤੀ ਸੀ, ਜਿਨ੍ਹਾਂ ਵਿੱਚਇਨ੍ਹਾਂ ਗਰੁੱਪਾਂ ਨੇ ਇਸ ਮੁੱਦੇ ਉੱਤੇਦੇਸ਼ ਵਿੱਚ ਰਾਇਸ਼ੁਮਾਰੀ ਕਰਾਉਣ ਅਤੇ ਇਨ੍ਹਾਂ ਨੂੰ ਪਾਰਲੀਮੈਂਟ ਤੋਂ ਦੋ ਤਿਹਾਈ ਬਹੁਮਤ ਨਾਲ ਪਾਸ ਕਰਾਉਣ ਦੀ ਮੰਗ ਕੀਤੀ ਸੀ।ਸ੍ਰੀਲੰਕਾ ਦੀ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਇਹ ਬਿੱਲ ਪਾਸ ਹੋਣ ਨਾਲ ਸ਼੍ਰੀਲੰਕਾ ਇੱਕ ਤਰ੍ਹਾਂ ਚੀਨ ਦੀ ਕਾਲੋਨੀਬਣਜਾਵੇਗਾ, ਕਿਉਂਕਿ ਬੰਦਰਗਾਹ ਵਾਲੇ ਸ਼ਹਿਰ ਦੇ ਵਿਕਾਸ ਪ੍ਰਾਜੈਕਟ ਲਈ ਵੱਡੀ ਗਿਣਤੀ ਵਿੱਚ ਸਥਾਨਕ ਕਾਨੂੰਨਾਂ ਤੋਂ ਛੋਟ ਦਿੱਤੀਜਾ ਰਹੀ ਹੈ। ਵਿਰੋਧੀ ਧਿਰਾਂ, ਸਿਵਲ ਸੁਸਾਈਟੀ ਗਰੁੱਪਅਤੇ ਲੇਬਰ ਯੂਨੀਅਨਾਂ ਇਸਦਾ ਵਿਰੋਧ ਕਰਦੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਪ੍ਰਾਜੈਕਟ ਇਸ ਦੇਸ਼ ਦੀ ਪ੍ਰਭੂਸੱਤਾ, ਸੰਵਿਧਾਨ ਅਤੇ ਲੇਬਰ ਕਾਨੂੰਨਾਂ ਦੀ ਉਲੰਘਣਾ ਕਰਦਾ ਹੈ।ਪਾਰਲੀਮੈਂਟਨੇਇਸ ਉੱਤੇ ਪੰਜ ਮਈ ਨੂੰ ਚਰਚਾ ਕਰਨੀ ਸੀ, ਪਰ ਉਦੋਂ ਸੁਪਰੀਮ ਕੋਰਟ ਦੇ ਫ਼ੈਸਲੇ ਬਾਰੇ ਪਾਰਲੀਮੈਂਟ ਨੂੰ ਜਾਣੂ ਨਹੀਂ ਸੀ ਕਰਾਇਆ ਗਿਆ, ਇਸ ਲਈ ਉਸ ਦਿਨ ਚਰਚਾ ਮੁਲਤਵੀ ਕਰਨੀ ਪਈ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

Jas Toor
Sales Repersentative
Sutton Group-Realty Experts Brokerage*
Independently Owned and Operated.
Call Now: (647)-242-8667
Email- RealtorJasToor@gmail.com
Jagdish Grewal
Sales Repersentative
Century 21 President Realty Inc Brokerage*
Independently Owned and Operated.
Call Now: (416)-970-5005
Email- Jagdish@grewalhomes.com

Caledon
Exclusive Gas Station
Located on very busy road
3 way auto garage + convenience store,1 ਏਕੜ ਦੀ commercial lot ਹੋਰ ਵਧੇਰੇ ਜਾਣਕਾਰੀ ਲਈ ਅੱਜ ਹੀ ਸੰਪਰਕ ਕਰੋ.

Caledon
2.5 ਏਕੜ ਵਿੱਚ ਬਣਿਆ 2 storey ਘਰ , 3500 sq ft. , $5500 ਕਿਰਾਏ ਤੇ ਚੜ੍ਹਿਆ ਹੋਇਆ, offered at very reasonable price.

Mayfield & Gore Road
ਦੇ ਨਜ਼ਦੀਕ 9 ਏਕੜ ਦੀ beautiful clean land with beautiful bunglow available for sale. Lots of future potential.

Caledon
Airport road ਤੇ 500 ft ਦੀ frontage ਵਾਲੇ 10 ਏਕੜ ਜ਼ਮੀਨ 3500 sq.ft. bunglow with walkout basement
Motivated Seller.

Caledon
ਵਿੱਚ 5 ਏਕੜ, Main Highway and Main Street ਤੇ corner lot, House and Shop included, Lots of potential
ਸ਼ੋਪ ਅਤੇ ਘਰ ਕਿਰਾਏ ਤੇ ਚੜ੍ਹਿਆ ਹੋਇਆ.

Free Market Evaluation
-Buy
-Sell
-Invest
Call Now:(647) 242-8667
(416) 970-5005

## ਅੱਜ ਨਾਮਾ >>

ਬਣਿਆ ਨਵਾਂ ਇੱਕ ਦਲ ਅਕਾਲੀਆਂ ਦਾ,
ਉਹਦਾ ਹੋਇਆ ਈ ਅੱਜ ਐਲਾਨ ਮੀਆਂ।
ਹਮਲਾ ਕੀਤਾ ਭਰਪੂਰ ਬਈ ਬਾਦਲਾਂ 'ਤੇ,
ਦਿੱਤਾ ਸੁੱਕਾ ਨਹੀਂ ਜਾਣ ਕਪਤਾਨ ਮੀਆਂ।
ਅਗਲੀ ਦੱਸੀ ਹੈ ਅਜੇ ਨਹੀਂ ਰਾਜਨੀਤੀ,
ਮਸਲੇ ਕਿਹੜੇ ਦਾ ਖਾਸ ਧਿਆਨ ਮੀਆਂ।
ਦਲਾਂ ਕਿਹੜਿਆਂ ਨਾਲ ਕੁਝ ਨੇੜ ਕਰਨਾ,
ਨਾਹੀਂ ਇਹਦਾ ਵੀ ਅਜੇ ਗਿਆਨ ਮੀਆਂ।
ਗੱਡੀ ਮੋਹੜੀ ਤੇ ਬੱਝਾ ਨਹੀਂ ਪਿੰਡ ਬੇਸ਼ੱਕ,
ਖੜਕਣ ਲੱਗੇ ਆ ਕਈਆਂ ਦੇ ਫੋਨ ਮੀਆਂ।
ਰਸਤਾ ਜਿਨ੍ਹਾਂ ਦਾ ਕੱਟਣ ਦੀ ਗੱਲ ਸੁਣਦੀ,
ਬਹਿ ਗਏ ਵੱਟ ਕੇ ਸਾਰੇ ਉਹ ਮੋਨ ਮੀਆਂ।

**ਤੀਸ ਮਾਰ ਖਾਂ**

# ਕੈਪਟਨ ਅਮਰਿੰਦਰ ਦੇ ਖਿਲਾਫ਼ ਕਾਂਗਰਸ ਪਾਰਟੀ ਵਿੱਚ ਲਾਮਬੰਦੀ ਹੋਰ ਤਿੱਖੀ ਹੋਈ

## * ਪੰਜ ਮੰਤਰੀਆਂ, 7 ਵਿਧਾਇਕਾਂ ਤੇ ਪਾਰਲੀਮੈਂਟ ਮੈਂਬਰ ਵੱਲੋਂ ਮੀਟਿੰਗ

ਚੰਡੀਗੜ੍ਹ, 18 ਮਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਵਿਰੁੱਧਕਈ ਮੰਤਰੀ, ਵਿਧਾਇਕ ਅਤੇ ਪਾਰਲੀਮੈਂਟ ਮੈਂਬਰ ਖੁੱਲ੍ਹ ਕੇ ਲਾਮਬੰਦ ਹੋਣ ਲੱਗੇ ਹਨ।ਅੱਜ ਮੰਗਲਵਾਰ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਘਰਇੱਕ ਦਰਜਨ ਦੇ ਕਰੀਬ ਕਾਂਗਰਸੀ ਨੇਤਾਵਾਂ ਨੇ ਏਦਾਂ ਦੀ ਇੱਕ ਬੈਠਕ ਕੀਤੀ ਹੈ, ਜਿਸ ਬਾਰੇਕਿਹਾ ਗਿਆ ਹੈ ਕਿ ਓਥੇ ਸੁਖਜਿੰਦਰ ਸਿੰਘ ਰੰਧਾਵਾ ਸਮੇਤ 5 ਕੈਬਨਿਟ ਮੰਤਰੀ, ਪਰਗਟ ਸਿੰਘ ਸਮੇਤ 7 ਵਿਧਾਇਕ ਤੇ ਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ ਸ਼ਾਮਲ ਸਨ। ਇਸ ਤੋਂ ਪਹਿਲਾਂ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਖਿਲਾਫ ਏਦਾਂ ਦੀ ਲਾਮਬੰਦੀ ਦੇਖੀ ਗਈ ਸੀ, ਜਦੋਂ 7 ਮੰਤਰੀਆਂ ਨੇ ਮੁੱਖ ਮੰਤਰੀ ਦਾ ਸਮਰਥਨ ਕੀਤਾ ਸੀ ਅਤੇ ਮੰਤਰੀ ਬ੍ਰਹਮਾ ਮਹਿੰਦਰਾ, ਸਾਧੂ ਸਿੰਘ ਧਰਮਸੋਤ, ਸੁੰਦਰ ਸ਼ਿਆਮ ਅਰੋੜਾ, ਬਲਬੀਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਕਾਂਗੜ, ਵਿਜੇਇੰਦਰ ਸਿੰਗਲਾ ਅਤੇ ਭਾਰਤ ਭੂਸ਼ਣ ਆਸ਼ੂ ਨੇ ਬਿਆਨ ਜਾਰੀ ਕਰਕੇ ਕਾਂਗਰਸ ਹਾਈਕਮਾਨ ਨੂੰਨਵਜੋਤ ਸਿੰਘ ਸਿੱਧੂ ਨੂੰ ਸਸਪੈਂਡ ਕਰਨ ਦੇ ਲਈ ਕਿਹਾ ਸੀ।ਇਸ ਵਾਰੀ ਪੰਜਾਬ ਕਾਂਗਰਸ ਦਾ ਇਕ ਧੜਾ ਸਿੱਧੇ ਤੌਰ ਉੱਤੇਮੁੱਖ ਮੰਤਰੀ ਖਿਲਾਫ਼ ਡਟ ਗਿਆ ਹੈ।

ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਘਰ ਹੋਈ ਬੈਠਕ ਵਿੱਚ ਆਏ ਇਨ੍ਹਾਂ ਨੇਤਾਵਾਂ ਨੇ ਪੰਜਾਬ ਦੀਆਂ ਜਾਂਚ ਏਜੰਸੀਆਂ ਦੀ ਗਲਤ ਵਰਤੋਂ ਨੂੰ ਮੰਦਭਾਗਾ ਦੱਸ ਕੇ ਸਾਰਿਆਂ ਨੇ ਇਕਸੁਰ ਵਿਚ ਕਿਹਾ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਆਪਣੇ ਨਿੱਜੀ ਵਿਰੋਧ ਦੀ ਆਵਾਜ਼ ਦਬਾਉਣ ਲਈ ਗਲਤ ਹਥਕੰਡੇ



ਵਰਤਦੇ ਹਨ। ਉਨ੍ਹਾ ਕਿਹਾ: ਪਹਿਲਾਂ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂਵਿਰੁੱਧ ਵਿਜੀਲੈਂਸ ਜਾਂਚ ਚਾਲੂ ਕਰਾਈ, ਫਿਰ ਨਵਜੋਤਸਿੱਧੂ ਦੇ ਕਰੀਬੀ ਵਿਧਾਇਕ ਪਰਗਟ ਸਿੰਘ ਨੂੰ ਮੁੱਖ ਮੰਤਰੀ ਦੇ ਰਾਜਸੀ ਸਲਾਹਕਾਰ ਨੇ ਫ਼ੋਨ ਉੱਤੇ ਧਮਕੀ ਦਿੱਤੀ ਤੇ ਇਸੇ ਲੜੀ ਵਿਚ ਪੰਜਾਬ ਮਹਿਲਾ ਕਮਿਸ਼ਨ ਦੀ ਮੁਖੀ ਨੇ ਤਿੰਨ ਸਾਲ ਪੁਰਾਣੇ ਕੇਸ ਵਿਚਮੰਤਰੀ ਚਰਨਜੀਤ ਸਿੰਘ ਚੰਨੀਖਿਲਾਫ਼ ਅਚਾਨਕ ਨੋਟਿਸ ਜਾਰੀ ਕਰ ਦਿੱਤਾ। ਇਸ ਤੋਂ ਬਿਨਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਖਿਲਾਫ਼ ਜੇਲਾਂ ਵਿੱਚ ਵਾਪਰੀਆਂ ਕੁਝ ਘਟਨਾਵਾਂ ਬਾਰੇ ਪੁਲਸ ਜਾਂਚ ਦੀ ਚਰਚਾਚਲਾਈ ਗਈ ਹੈ। ਇਸ ਘਟਨਾਕ੍ਰਮ ਨੂੰ ਗੰਭੀਰ ਦੱਸ ਕੇ ਇਨ੍ਹਾਂ ਨੇਤਾਵਾਂ ਨੇਕਿਹਾ ਕਿ ਜੇ ਕਾਂਗਰਸ ਏਦਾਂ ਬਦਲੇ ਦੀ ਭਾਵਨਾ ਤੋਂ ਪ੍ਰੇਰਤ ਹੋ ਜਾਵੇਗੀ ਤਾਂ ਪੰਜਾਬ ਵਿਚ ਹਾਲਾਤ ਵਿਸਫੋਟਕ ਹੋਣਗੇ, ਜਿਸ ਦਾ ਖਾਮਿਆਜ਼ਾ ਕਾਂਗਰਸ ਨੂੰ 2022 ਵਿੱਚ ਹੋ ਰਹੀਆਂ ਵਿਧਾਨਸਭਾ ਚੋਣਾਂ ਵਿਚ ਆਸ ਤੋਂ ਵੱਧ ਬੁਰੀ ਤਰ੍ਹਾਂ ਭੁਗਤਣਾ ਪੈ ਸਕਦਾ ਹੈ।

ਪੰਜਾਬ ਕਾਂਗਰਸ ਦੀ ਇਸ ਪਾਟੋਧਾੜ ਬਾਰੇ ਕਾਂਗਰਸ ਹਾਈਕਮਾਨ ਨੇ ਵੀ ਸੋਚਣਾ ਸ਼ੁਰੂ ਕਰ ਦਿੱਤਾ ਹੈ ਅਤੇ ਪਤਾ ਲੱਗਾ ਹੈ ਕਿ ਹਾਈ ਕਮਾਨ ਦੇ ਦਖਲ ਉੱਤੇ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਮੰਗਲਵਾਰ ਨੂੰ ਰੱਖੀ ਹੋਈ ਪ੍ਰੈੱਸ ਕਾਨਫਰੰਸ ਟਾਲ ਦਿੱਤੀ ਸੀ। ਚੰਨੀ ਨੇ ਪੰਜਾਬ ਮਹਿਲਾ ਕਮਿਸ਼ਨ ਵਾਲੇ ਕੇਸ ਵਿਚ ਪ੍ਰੈੱਸ ਕਾਨਫਰੰਸ ਕਰਨੀ ਸੀ, ਪਰ ਹਾਈ ਕਮਾਨ ਦੇ ਕਹੇ ਉੱਤੇ ਪੰਜਾਬਕਾਂਗਰਸ ਦੇ ਕੇਂਦਰ ਵੱਲੋਂ ਇੰਚਾਰਜ ਹਰੀਸ਼ ਰਾਵਤ ਨੇ ਚਰਨਜੀਤ ਸਿੰਘ ਚੰਨੀ ਦੇ ਘਰਚੱਲਦੀ ਬੈਠਕ ਵਿਚ ਸ਼ਾਮਲ ਵਿਧਾਇਕਾਂ ਤੇ ਮੰਤਰੀਆਂ ਨਾਲ ਗੱਲ ਕੀਤੀ ਤੇ ਕਿਹਾ ਕਿ ਹਾਈਕਮਾਨ ਸਭਕੁਝਤੋਂ ਜਾਣੂ ਹੈ ਅਤੇ ਅਗਲੇ ਦਿਨਾਂ ਵਿਚ ਉਹ ਖੁਦ ਪੰਜਾਬ ਆਉਣਗੇ। ਹਰੀਸ਼ ਰਾਵਤ ਨੇ ਕਿਹਾ ਕਿ ਉਹ ਖੁਦ ਮੌਜੂਦਾ ਹਾਲਾਤ ਤੋਂਚਿੰਤਤ ਹਨ। ਇਸ ਉੱਤੇ ਚੰਨੀ ਦੇ ਘਰ ਬੈਠਕ ਵਿਚਲੇ ਕਾਂਗਰਸੀ ਨੇਤਾਵਾਂ ਨੇ ਕਿਹਾ ਕਿ ਉਹ ਛੇਤੀ ਪੰਜਾਬ ਆ ਕੇ ਪੂਰੀਹਾਲਤ ਵੇਖਣ। ਇਨ੍ਹਾਂ ਨੇਤਾਵਾਂ ਨੇ ਰਾਵਤ ਨੂੰ ਇਹ ਵੀ ਕਿਹਾ ਕਿ ਉਹ ਪੰਜਾਬ ਦੇ ਸਾਰੇ ਵਿਧਾਇਕਾਂ ਨਾਲ ਵੱਖ-ਵੱਖਮਿਲਣ ਤਾਂ ਕਿ ਪੰਜਾਬ ਵਿਚ ਕਾਂਗਰਸ ਦੀ ਮੌਜੂਦਾ ਜ਼ਮੀਨੀ ਹਕੀਕਤ ਪਤਾ ਲੱਗ ਸਕੇ। ਕਾਂਗਰਸੀ ਨੇਤਾਵਾਂ ਨੇ ਰਾਵਤ ਨੂੰ ਕਿਹਾ ਕਿ ਅਗਲੀਆਂ ਵਿਧਾਨਸਭਾ ਚੋਣਾਂ ਦੇ ਕੰਢੇ ਪੁੱਜ ਕੇ ਪੰਜਾਬ ਦੇਹਾਲਾਤ ਵਿਗੜਨ ਤੋਂ ਬਚਾਉਣ ਲਈ ਹਾਈਕਮਾਨ ਨੂੰ ਦਖਲ ਦੇਣਾ ਚਾਹੀਦਾ ਹੈ।

# ਪੰਜਾਬ ਵਿੱਚ ਕੋਰੋਨਾ ਨਾਲ ਇੱਕੋ ਦਿਨ ਰਿਕਾਰਡ 231 ਲੋਕਾਂ ਦੀ ਮੌਤ

*** ਬਠਿੰਡਾ ਜ਼ਿਲ੍ਹੇ ਵਿੱਚ ਇੱਕੋ ਦਿਨ 34 ਕੋਰੋਨਾ ਮੌਤਾਂ ਨਾਲ ਚਿੰਤਾ ਵਧੀ**

*** ਹਿਮਾਚਲ ਪ੍ਰਦੇਸ਼ ਵਿੱਚ ਇੱਕੋ ਦਿਨ ਵਿੱਚ 63 ਮੌਤਾਂ**



ਚੰਡੀਗੜ੍ਹ, 18 ਮਈ, (ਪੋਸਟ ਬਿਊਰੋ)- ਵੀਕਲੀ ਲਾਕਡਾਊਨ ਤੇ ਤਿੰਨ ਵਜੇ ਤੋਂ ਪਿੱਛੋਂ ਪੰਜਾਬ ਵਿੱਚ ਕਰਫਿਊ ਲੱਗਣ ਦੇ ਫੈਸਲਿਆਂ ਦੇ ਬਾਵਜੂਦ ਕੋਰੋਨਾ ਦਾ ਕਹਿਰ ਲਗਾਤਾਰ ਵਧ ਰਿਹ ਹੈ।ਅੱਜ ਮੰਗਲਵਾਰ ਨੂੰ ਕੋਰੋਨਾ ਨਾਲ ਇਸ ਰਾਜ ਵਿੱਚ 231 ਮਰੀਜ਼ਾਂ ਕੋਰੋਨਾ ਨਾਲ ਮੌਤ ਹੋ ਗਈ ਅਤੇ ਇਸ ਦੌਰਾਨ 7143 ਨਵੇਂ ਕੇਸ ਮਿਲੇ ਹਨ।

ਪੰਜਾਬ ਦੇ ਸਿਹਤ ਵਿਭਾਗ ਵੱਲੋਂ ਜਾਰੀ ਬੁਲੇਟਿਨਮੁਤਾਬਕ ਅੱਜ ਇਸ ਰਾਜਵਿੱਚ ਕੋਰੋਨਾ ਨਾਲ 231 ਮਰੀਜ਼ਾਂ ਦੀ ਮੌਤ ਹੋਈ ਹੈ। ਸਭ ਤੋਂ ਵੱਧ 34 ਮੌਤਾਂ ਬਠਿੰਡਾ ਜ਼ਿਲ੍ਹੇ ਵਿੱਚ ਹੋਈਆਂ। ਲੁਧਿਆਣਾ ਵਿੱਚ 21, ਮੁਕਤਸਰ ਅਤੇ ਪਟਿਆਲਾ19-19, ਅੰਮ੍ਰਿਤਸਰ16, ਫਾਜ਼ਿਲਕਾ ਤੇ ਮੋਹਾਲੀ15-15, ਸੰਗਰੂਰ 11, ਹੁਸ਼ਿਆਰਪੁਰ10, ਜਲੰਧਰ9, ਕਪੂਰਥਲਾ, ਫ਼ਰੀਦਕੋਟ ਤੇ ਫਿਰੋਜ਼ਪੁਰ8-8, ਮਾਨਸਾ 7, ਗੁਰਦਾਸਪੁਰ ਅਤੇ ਪਠਾਨਕੋਟ6-6, ਰੋਪੜ5, ਫ਼ਤਹਿਗੜ੍ਹ ਸਾਹਿਬ ਤੇ ਤਰਨਤਾਰਨ ਵਿੱਚ 3-3 ਅਤੇ ਮੋਗਾ ਤੇ ਨਵਾਂਸ਼ਹਿਰ ਵਿੱਚ 2-2 ਮਰੀਜ਼ਾਂ ਦੀ ਮੌਤ ਹੋਈ ਹੈ।

ਬਠਿੰਡਾ ਜ਼ਿਲ੍ਹੇ ਵਿਚ ਕੋਰੋਨਾ ਨਾਲ ਇੱਕੋ ਦਿਨ 19 ਔਰਤਾਂ ਸਣੇ 38 ਲੋਕਾਂ ਦੀ ਮੌਤ ਹੋਈ ਹੈ। ਕੋਰੋਨਾ ਨਾਲ ਮਰਨ ਵਾਲਿਆਂ ਵਿੱਚੋਂ ਇੱਕ 27 ਸਾਲਾ ਨੌਜਵਾਨ ਦਾ ਅਜੇ 13 ਦਿਨ ਪਹਿਲਾਂ ਵਿਆਹ ਹੋਇਆ ਸੀ। ਕੋਰੋਨਾ ਪਾਜ਼ੇਟਿਵ ਹੋਣ ਕਰ ਕੇਉਸ ਦਾ ਬਾਪਬਠਿੰਡਾ ਏਮਸ ਹਸਪਤਾਲ ਦੇ ਵੈਂਟੀਲੇਟਰ ਉੱਤੇਅਤੇ ਭੈਣ ਵੀ ਕੋਵਿਡ ਪਾਜ਼ੇਟਿਵ ਹੈ। ਪਤਾ ਲੱਗਾ ਹੈ ਕਿ ਕੁਝ ਦਿਨ ਪਹਿਲਾਂ ਪਰਿਵਾਰ ਦੇ ਸਾਰੇ ਮੈਂਬਰ ਬਿਮਾਰ ਹੋਏ ਤਾਂਸਭ ਨੇ ਟੈਸਟ ਕਰਾਇਆ ਸੀ ਅਤੇ ਮ੍ਰਿਤਕ ਨੌਜਵਾਨ ਦੀ ਨੈਗੇਟਿਵ ਰਿਪੋਰਟ ਆਈ ਅਤੇ ਉਸਦੇ ਪਿਤਾ ਤੇ ਭੈਣ ਪਾਜ਼ੇਟਿਵ ਸਨ, ਪਰ ਨੌਜਵਾਨ ਨੂੰ ਖਾਂਸੀ ਦੇ ਕਾਰਨ ਚੋਖੀ ਪਰੇਸ਼ਾਨੀ ਸੀ।ਉਸ ਨੇ ਆਪਣੇ ਆਪ ਨੂੰ ਨੈਗੇਟਿਵ ਮੰਨ ਕੇ ਇਲਾਜ ਨਹੀਂਕਰਵਾਇਆ।

ਇਸ ਦੌਰਾਨ ਹਿਮਾਚਲ ਪ੍ਰਦੇਸ਼ ਵਿਚ ਅੱਜ ਮੰਗਲਵਾਰ ਕੋਰੋਨਾ ਵਾਇਰਸ ਨਾਲ 63 ਮੌਤਾਂ ਹੋਈਆਂ ਤੇ ਵਾਇਰਸ ਦੇ 569 ਨਵੇਂ ਕੇਸਮਿਲੇ ਹਨ। ਇਕ ਸੀਨੀਅਰ ਅਧਿਕਾਰੀ ਦੇਮੁਤਾਬਕ ਇਸ ਰਾਜ ਵਿਚ ਕੋਰੋਨਾ ਨਾਲ ਅੱਜ ਤੱਕ2,432 ਲੋਕਾਂ ਦੀ ਮੌਤ ਹੋ ਚੁੱਕੀ ਹੈ। ਸਭ ਤੋਂ ਵੱਧ ਮੌਤਾਂ ਕਾਂਗੜਾ ਜ਼ਿਲ੍ਹੇ ਵਿਚ ਹੋਈਆਂ ਹਨ।

# ਗੁਜਰਾਤ ਵਿੱਚ ਤਾਓਤੇ ਤੂਫਾਨ ਨਾਲ ਭਾਰੀ ਤਬਾਹੀ, 13 ਮੌਤਾਂ, ਜਨਜੀਵਨ ਤਹਿਸ-ਨਹਿਸ





ਅਹਿਮਦਾਬਾਦ, 18 ਮਈ, (ਪੋਸਟ ਬਿਊਰੋ)- ਗੁਜਰਾਤ ਦੇ ਸਮੁੰਦਰੀ ਤੱਟ ਨਾਲ ਟਕਰਾਏ ਚੱਕਰਵਾਤ ਤਓਤੇ ਤੂਫਾਨ ਦੇ ਕਾਰਨ ਇਸ ਰਾਜ ਵਿੱਚ ਭਾਰੀ ਨੁਕਸਾਨ ਹੋਣ ਪਿੱਛੋਂ ਇਸ ਦੀ ਤੀਬਰਤਾ ਠੰਢੀ ਪਈ ਤੇ ਇਹ ਰਾਜਸਥਾਨ ਵੱਲ ਵਧ ਰਿਹਾ ਹੈ। ਬਿਜਲੀ ਦੇ ਹਜ਼ਾਰਾਂ ਖੰਭੇ ਅਤੇ ਰੁੱਖ ਪੁੱਟੇ ਜਾਣ ਨਾਲਕਈ ਇਲਾਕਿਆਂ ਦੀ ਬਿਜਲੀ ਸਪਲਾਈ ਵੀ ਠੱਪ ਹੋ ਗਈ ਹੈ। ਸਰਕਾਰ ਨੇ ਅਜੇ ਤਕ 13 ਲੋਕਾਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਓਧਰ ਮਹਾਰਾਸ਼ਟਰ ਵਿਚ ਤਓਤੇ ਤੂਫਾਨ ਨਾਲ ਮੌਤਾਂ ਦੀ ਗਿਣਤੀ 12 ਹੋ ਗਈ ਹੈ ਅਤੇ ਰਾਜ ਸਰਕਾਰ ਰਾਹਤ ਕਾਰਜਾਂ ਵਿੱਚ ਲੱਗੀ ਹੋਈ ਹੈ।

ਇਸ ਬਾਰੇਗੁਜਰਾਤ ਦੇ ਮੁੱਖ ਮੰਤਰੀ ਵਿਜੈ ਰੁਪਾਣੀ ਨੇ ਅੱਜਮੰਗਲਵਾਰ ਸਟੇਟ ਐਮਰਜੈਂਸੀ ਪੁੱਜ ਕੇ ਚੱਕਰਵਾਤ ਨਾਲਹੋਏ ਨੁਕਸਾਨ ਦਾ ਜਾਇਜ਼ਾ ਲਿਆ। ਦੇਰ ਸ਼ਾਮ ਉਨ੍ਹਾਂ ਮੀਡੀਆ ਨੂੰ ਦੂਸਰੀ ਵਾਰ ਸੰਬੋਧਨ ਕਰਦਿਆਂ ਕਿਹਾ ਕਿ ਰਾਜ ਵਿਚ ਤੂਫ਼ਾਨ ਨਾਲ ਭਾਰੀ ਤਬਾਹੀ ਹੋਈ ਅਤੇ ਨੁਕਸਾਨ ਦਾ ਸਰਵੇ ਕਰ ਕੇ ਮੁਆਵਜ਼ਾ ਦਿੱਤਾ ਜਾਵੇਗਾ।

# ਪੰਜਾਬ ਦੇ ਪਿੰਡਾਂ ਵਿੱਚ ਕੋਰੋਨਾ ਦਾ ਕਹਿਰ ਫੈਲਦਾ ਰੋਕਣ ਲਈ ਕੈਪਟਨ ਅਮਰਿੰਦਰ ਵੱਲੋਂ ਨਵੇਂ ਐਲਾਨ

*** ਸੌ ਫੀਸਦੀ ਵੈਕਸੀਨੇਸ਼ਨ ਵਾਲੇ ਪਿੰਡ ਨੂੰ ਦੱਸ ਲੱਖ ਦੀ ਗਰਾਂਟ ਮਿਲੇਗੀ**

ਚੰਡੀਗੜ੍ਹ, 18 ਮਈ, (ਪੋਸਟ ਬਿਊਰੋ)- ਪੰਜਾਬ ਦੇ ਪਿੰਡਾਂ ਵਿਚ ਵਧਦੇ ਕੋਰੋਨਾ ਦੇ ਕਹਿਰ ਨੂੰ ਰੋਕਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੱਡਾ ਐਲਾਨ ਕਰਦਿਆਂ ਅੱਜ ਮੰਗਲਵਾਰ ਨੂੰ ਪੰਜਾਬ ਸਰਕਾਰ ਵੱਲੋਂ'ਕੋਰੋਨਾ ਮੁਕਤ ਪਿੰਡ' ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਮੁਹਿੰਮ ਵਿੱਚ 100 ਫੀਸਦੀ ਟੀਕਾਕਰਨ ਟੀਚਾ ਪੂਰਾ ਕਰਨ ਵਾਲੇ ਪਿੰਡ ਨੂੰ 10 ਲੱਖ ਰੁਪਏ ਦੀ ਵਿਸ਼ੇਸ਼ ਵਿਕਾਸ ਗਰਾਂਟਮਿਲੇਗੀ।ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਪਹਿਲਾਂ ਹੀ ਸਰਪੰਚਾਂ ਨੂੰ ਪੰਚਾਇਤੀ ਫ਼ੰਡਾਂ ਵਿੱਚੋਂ 5000 ਰੁਪਏ ਰੋਜ਼ਾਨਾ ਵਰਤੋਂ ਲਈ ਤੇ ਐਮਰਜੈਂਸੀ ਦੌਰਾਨ ਕੋਵਿਡ ਮਰੀਜ਼ਾਂ ਦੇ ਇਲਾਜ ਲਈ 50,000 ਰੁਪਏ ਤੱਕ ਖਰਚਣ ਦੀ ਮਨਜ਼ੂਰੀ ਦੇ ਦਿੱਤੀ ਹੈ।

ਅੱਜ ਮੰਗਲਵਾਰ ਪੰਜਾਬ ਦੇ ਪਿੰਡਾਂ ਦੇ ਸਰਪੰਚਾਂ ਤੇ ਪੰਚਾਂ ਨੂੰ ਆਪੋ-ਆਪਣੇ ਪਿੰਡਾਂ ਵਿਚ ਕੋਰੋਨਾਖਿਲਾਫ ਜੰਗ ਵਿਚ ਮੋਹਰੀ ਰੋਲ ਨਿਭਾਉਣ ਦੀ ਅਪੀਲ ਕਰਦਿਆਂਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਹਲਕੇ ਲੱਛਣ ਵੇਲੇ ਵੀ ਸਰਪੰਚਅਤੇ ਪੰਚ ਉਨ੍ਹਾਂ ਨੂੰਕੋਵਿਡ ਜਾਂਚ ਅਤੇ ਟੀਕਾਕਰਨ ਕਰਾਉਣ ਲਈ ਪ੍ਰੇਰਤ ਕਰਨ।ਮੁੱਖ ਮੰਤਰੀ ਨੇ 4000 ਲਾਈਵ ਲੋਕੇਸ਼ਨਾਂ ਉੱਤੇ ਵੱਖੋ-ਵੱਖ ਪਿੰਡਾਂ ਦੀਆਂ ਪੰਚਾਇਤਾਂ ਦੇ 2000 ਮੁਖੀਆਂ ਤੇ ਮੈਂਬਰਾਂ ਨਾਲ ਐਲ ਈ ਡੀ ਸਕਰੀਨਾਂ ਰਾਹੀਂ ਗੱਲ ਕਰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਨੇ ਪਹਿਲਾਂ ਹੀ ਸਰਪੰਚਾਂ ਨੂੰ ਕੋਵਿਡ ਦੇ ਐਮਰਜੈਂਸੀ ਇਲਾਜ ਲਈ ਪੰਚਾਇਤ ਫੰਡਾਂ ਤੋਂ ਰੋਜ਼ 5000 ਰੁਪਏ ਤੱਕ ਖਰਚ ਕਰਨ ਦੀ ਮਨਜ਼ੂਰੀ ਦਿੱਤੀਹੋਈ ਹੈ ਤੇ ਇਸ ਖਰਚ ਦੀ ਵੱਧ ਤੋਂ ਵੱਧ ਹੱਦ 50,000 ਰੁਪਏ ਮਿੱਥੀ ਹੈ।ਪਿੰਡਾਂ ਨੂੰ ਕੋਰੋਨਾ ਤੋਂ ਬਚਾਉਣ ਤੇ ਲੋਕਾਂ ਦੀਆਂ ਜਾਨਾਂ ਬਚਾਉਣ ਲਈ ਇਸ ਰੋਗ ਦਾ ਪਤਾ ਛੇਤੀ ਲਾਉਣ ਤੇ ਇਲਾਜ ਕਰਾਉਣ ਬਾਰੇਮੁੱਖ ਮੰਤਰੀ ਨੇ ਕਿਹਾ ਕਿ ਇਹ ਕੰਮ ਸਿਰਫ ਵਿਸ਼ੇਸ਼ ਪ੍ਰਚਾਰ ਮੁਹਿੰਮਨਾਲ ਨੇਪਰੇ ਚੜ੍ਹ ਸਕਦਾ ਹੈ। ਉਨ੍ਹਾਂ ਨੇ ਪੰਚਾਇਤਾਂ ਨੂੰ ਵਿਸ਼ੇਸ਼ ਮੈਡੀਕਲ ਕੈਂਪ ਲਾਉਣ ਤੇ ਸਾਬਕਾ ਫੌਜੀਆਂ ਦੀਆਂ ਸੇਵਾਵਾਂ ਲੈਣ ਨੂੰ ਕਿਹਾ, ਜਿਨ੍ਹਾਂ ਨੇ ਕਈ ਜੰਗਾਂ ਲੜੀਆਂ ਹਨ ਤੇ ਕੋਰੋਨਾਖਿਲਾਫ ਰਾਜ ਸਰਕਾਰ ਦੀ ਜੰਗ ਦਾ ਹਿੱਸਾ ਹਨ।ਮੁੱਖ ਮੰਤਰੀ ਨੇ ਸਰਪੰਚਾਂ ਅਤੇ ਪੰਚਾਂ ਨੂੰ ਆਪੋ-ਆਪਣੇ ਪਿੰਡ ਵਿਚ ਕੋਵਿਡ ਪੀੜਤ ਲੋਕਾਂ ਦਾ ਦਾਖ਼ਲਾ ਰੋਕਣ ਲਈ ਠੀਕਰੀ ਪਹਿਰੇ ਲਾਉਣ, ਪਾਜ਼ੇਟਿਵ ਨਿਕਲਦੇ ਹਰ ਵਿਅਕਤੀ ਨੂੰ 'ਫਤਿਹ ਕਿੱਟ' ਪੁਚਾਉਣ ਅਤੇ 94 ਫ਼ੀਸਦੀ ਤੋਂ ਹੇਠਾਂ ਦੇ ਆਕਸੀਜਨ ਪੱਧਰ ਵਾਲੇ ਲੋਕਾਂ ਦਾ ਸੰਪੂਰਨ ਇਲਾਜ ਯਕੀਨੀ ਬਣਾਉਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਵਿਚ ਰਹਿੰਦੇ ਲੋਕ ਕਿਸੇ ਤਰ੍ਹਾਂ ਦੇ ਲੱਛਣ ਪਤਾ ਲੱਗਣ ਉੱਤੇ ਆਪਣੇ ਆਪ ਨੂੰ ਕੁਆਰੰਟੀਨ ਕਰ ਲੈਣ ਅਤੇ ਛੇਤੀ ਜਾਂਚ ਕਰਵਾਉਣ, ਕਿਉਂਕਿ ਇਸ ਵਿੱਚ ਅਣਗਹਿਲੀ ਬਾਅਦ ਵਿਚ ਗੰਭੀਰ ਨਤੀਜੇ ਦਿੰਦੀ ਹੈਅਤੇ ਪੂਰੇ ਪਿੰਡ ਲਈ ਮਾਰੂ ਸਾਬਤ ਵੀ ਹੋ ਸਕਦੀ ਹੈ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority
JF Insurance Agency Group Inc.
Specialized in Hospital and Medical Insurance for
Visitors, Canadian Travellers and International Students since 1992

Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

REXDALE BODY SHOP
USED CAR SALE



CHEEMA
LOWEST PRICE IN TOWN
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED



25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com



# ਇਜ਼ਰਾਈਲ ਵੱਲੋਂ ਗਾਜ਼ਾ ਦੀਆਂ ਸੁਰੰਗਾਂ ਉੱਤੇ ਜ਼ੋਰਦਾਰ ਹਵਾਈ ਹਮਲੇ

ਗਾਜ਼ਾ ਸਿਟੀ, 18 ਮਈ (ਪੋਸਟ ਬਿਊਰੋ)- ਗਾਜ਼ਾ ਪੱਟੀ ਉੱਤੇ ਕੱਲ੍ਹ ਤੜਕੇ ਵੱਡੇ ਹਵਾਈ ਹਮਲਿਆਂ ਪਿੱਛੋਂ ਇਜ਼ਰਾਈਲ ਦੀ ਫ਼ੌਜ ਨੇ ਕਿਹਾ ਕਿ ਉਸ ਨੇ ਕੱਟੜਪੰਥੀਆਂ ਵੱਲੋਂ ਬਣਾਈਆਂ ਸੁਰੰਗਾਂ ਦੇ 15 ਕਿੱਲੋਮੀਟਰ ਲੰਬੇ ਹਿੱਸੇ ’ਚ ਹਮਾਸ ਦੇ ਨੌਂ ਕਮਾਂਡਰਾਂ ਦੇ ਘਰਾਂ ਨੂੰ ਢਹਿ-ਢੇਰੀ ਕਰ ਦਿੱਤਾ ਹੈ।

ਇਜ਼ਰਾਈਲ ਤੇ ਗਾਜ਼ਾ ਦੇ ਹਮਾਸ ਸ਼ਾਸਕਾਂ ਵਿਚਾਲੇ ਤਾਜ਼ਾ ਸੰਘਰਸ਼ ਦੌਰਾਨ ਇਹ ਸਭ ਤੋਂ ਭਿਆਨਕ ਹਮਲਾ ਸੀ। ਤਾਜ਼ਾ ਹਮਲੇ ਵਿੱਚ ਲੋਕਾਂ ਦੇ ਜ਼ਖਮੀ ਹੋਣ ਸਬੰਧੀ ਫ਼ਿਲਹਾਲ ਕੋਈ ਸੂਚਨਾ ਨਹੀਂ ਹੈ। ਗਾਜ਼ਾ ਦੇ ਮੇਅਰ ਯਹੀਆ ਸਰਾਜ ਨੇ ਦੱਸਿਆ ਕਿ ਹਮਲਿਆਂ ਨਾਲ ਸੜਕਾਂ ਤੇ ਹੋਰ ਬੁਨਿਆਦੀ ਢਾਂਚੇ ਨੂੰ ਬਹੁਤ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਸੰਘਰਸ਼ ਜਾਰੀ ਰਿਹਾ ਤਾਂ ਹਾਲਾਤ ਹੋਰ ਵਿਗੜਨ ਦਾ ਡਰ ਹੈ। ਗਾਜ਼ਾ ਵਿੱਚ 8 ਤੋਂ 12 ਘੰਟਿਆਂ ਦੇ ਬਿਜਲੀ ਕੱਟ ਲਾਏ ਜਾ ਰਹੇ ਹਨ ਅਤੇ ਟੂਟੀਆਂ ਰਾਹੀਂ ਆਉਣ ਵਾਲਾ ਪਾਣੀ ਪੀਣ ਲਾਇਕ ਨਹੀਂ। ਕੱਲ੍ਹ ਤੱਕ 198 ਫ਼ਲਸਤੀਨੀ ਮਾਰੇ ਗਏ, ਜਿਨ੍ਹਾਂ ਵਿੱਚ 58 ਬੱਚੇ ਤੇ 35 ਔਰਤਾਂ ਸ਼ਾਮਲ ਹਨ, ਜਦਕਿ 1300 ਲੋਕ ਜ਼ਖ਼ਮੀ ਹੋਏ ਹਨ।

# ਜੇ ਕੋਰੋਨਾ ਮਾਰੂ ਟੀਕਾ ਨਾ ਲਵਾਇਆ ਤਾਂ ਸਥਿਤੀ ਭਿਆਨਕ ਹੋ ਸਕਦੀ ਹੈ : ਮੈਟ ਹੈਨਕਾਕ

ਲੰਡਨ, 18 ਮਈ (ਪੋਸਟ ਬਿਊਰੋ)- ਕੋਰੋਨਾ ਮਹਾਂਮਾਰੀ ਕਰ ਕੇ ਦੇਸ਼ ਵਿੱਚ ਅਤੇ ਨਾਲ ਹੀ ਪੂਰੀ ਦੁਨੀਆ ਵਿੱਚ ਹਾਹਾਕਾਰ ਮੱਚੀ ਹੋਈ ਹੈ। ਕੋਰੋਨਾ ਮਰੀਜ਼ਾਂ ਦੀ ਜਾਨ ਲਗਾਤਾਰ ਜਾ ਰਹੀ ਹੈ। ਲੰਡਨ-ਕੋਵਿਡ ਵੈਕਸੀਨ ਭਾਰਤ ਵਿੱਚ ਸਭ ਤੋਂ ਪਹਿਲਾਂ ਪਾਏ ਗਏ ਵੈਰੀਐਂਟ ਤੋਂ ਸੁਰੱਖਿਅਤ ਰੱਖਦੀ ਹੈ, ਪਰ ਜਿਨ੍ਹਾਂ ਲੋਕਾਂ ਨੇ ਟੀਕਾ ਨਹੀਂ ਲਵਾਇਆ, ਉਨ੍ਹਾਂ ਵਿੱਚ ਇਨਫ਼ੈਕਸ਼ਨ ਜੰਗਲ ਦੀ ਅੱਗ ਦੀ ਤਰ੍ਹਾਂ ਫੈਲ ਸਕਦੀ ਹੈ। ਇਹ ਜਾਣਕਾਰੀ ਬ੍ਰਿਟੇਨ ਦੇ ਸਿਹਤ ਮੰਤਰੀ ਮੈਟ ਹੈਨਕਾਕ ਨੇ ਇੱਕ ਮੀਡੀਆ ਹਾਊਸ ਨਾਲ ਗੱਲਬਾਤ ਦੇ ਦੌਰਾਨ ਦਿੱਤੀ ਹੈ।



ਬ੍ਰਿਟਿਸ਼ ਸਿਹਤ ਮੰਤਰੀ ਨੇ ਉਨ੍ਹਾਂ ਲੋਕਾਂ, ਜਿਹੜੇ ਟੀਕੇ ਦੇ ਯੋਗ ਹਨ ਪਰ ਅਜੇ ਤੱਕ ਅਪਾਇੰਟਮੈਂਟ ਨਹੀਂ ਬੁੱਕ ਕੀਤੀ, ਨੂੰ ਅੱਗੇ ਆ ਕੇ ਟੀਕਾ ਲਵਾਉਣ ਦੀ ਅਪੀਲ ਕੀਤੀ ਹੈ ਕਿ ਭਾਰਤ ਵਿੱਚ ਕਹਿਰ ਮਚਾ ਰਿਹਾ ਕੋਰੋਨਾ ਵੈਰੀਐਂਟ ਵੈਕਸੀਨ ਨਾ ਲਵਾਉਣ ਵਾਲਿਆਂ ਲਈ ਬਹੁਤ ਖ਼ਤਰਨਾਕ ਹੋ ਸਕਦਾ ਹੈ। ਹੈਨਕਾਕ ਨੇ ਕਿਹਾ ਕਿ ਇਹ ਸਟ੍ਰੇਨ, ਜਿਸ ਦੇ ਇਸ ਦੇਸ਼ ਵਿੱਚ 1300 ਕੇਸ ਸਾਹਮਣੇ ਆਏ ਹਨ, ਕੈਂਟ ਵੈਰੀਐਂਟ ਤੋਂ ਵੱਧ ਤੇਜ਼ੀ ਨਾਲ ਫੈਲ ਸਕਦਾ ਹੈ। ਕੈਂਟ ਵੈਰੀਐਂਟ ਬ੍ਰਿਟੇਨ ਵਿੱਚ ਇਸ ਵਾਰ ਸਰਦੀਆਂ ਵਿੱਚ ਫੈਲੀ ਦੂਜੀ ਲਹਿਰ ਦਾ ਮੁੱਖ ਕਾਰਨ ਬਣਿਆ ਸੀ।ਉਨ੍ਹਾਂ ਕਿਹਾ ਕਿ ਭਾਰਤ ਵਿੱਚ ਮਿਲਿਆ ਕੋਵਿਡ ਵੈਰੀਐਂਟ ਦੇਸ਼ ਦੇ ਕੁਝ ਹਿੱਸਿਆਂ ਵਿੱਚ ਜਿਵੇਂ ਬੋਲਟਨ ਤੇ ਬਲੈਕਬਰਨ ਵਿੱਚ ਮੁੱਖ ਵੈਰੀਐਂਟ ਬਣਦਾ ਜਾ ਰਿਹਾ ਹੈ। ਬ੍ਰਿਟਿਸ਼ ਸਿਹਤ ਮੰਤਰੀ ਨੇ ਕਿਹਾ ਕਿ ਬੋਲਟਨ ਵਿੱਚ ਕਈ ਲੋਕ ਭਾਰਤ ਵਿੱਚ ਮਿਲੇ ਵੈਰੀਐਂਟ ਦੇ ਇਨਫ਼ੈਕਸ਼ਨ ਕਾਰਨ ਹਸਪਤਾਲ ਵਿੱਚ ਦਾਖ਼ਲ ਹੋਏ ਸਨ। ਇਨ੍ਹਾਂ ਵਿੱਚ ਵੱਡੀ ਗਿਣਤੀ ਅਜਿਹੇ ਲੋਕਾਂ ਦੀ ਸੀ ਜੋ ਕੋਵਿਡ ਟੀਕਾ ਲਵਾਉਣ ਦੀ ਯੋਗਤਾ ਰੱਖਦੇ ਸਨ, ਪਰ ਉਨ੍ਹਾਂ ਨੇ ਟੀਕਾ ਨਹੀਂ ਲਿਆ ਸੀ।

# ਮਿਸ ਯੂਨੀਵਰਸ ਦਾ ਤਾਜ ਮੈਕਸੀਕੋ ਦੀ ਐਂਡਰੀਆ ਦੇ ਸਿਰ ਸਜਿਆ



ਫਲੋਰੀਡਾ, 18 ਮਈ (ਪੋਸਟ ਬਿਊਰੋ)- ‘ਮਿਸ ਮੈਕਸੀਕੋ' ਐਂਡਰੀਆ ਮੇਜ਼ਾ ਨੇ ਸਾਲ 2020 ਦਾ ‘ਮਿਸ ਯੂਨੀਵਰਸ' ਖਿਤਾਬ ਆਪਣੇ ਨਾਂਅ ਕਰ ਲਿਆ ਹੈ। ਇਸ ਮੁਕਾਬਲੇ ਵਿੱਚ 74 ਦੇਸ਼ਾਂ ਦੀ ਸ਼ਮੂਲੀਅਤ ਸੀ। ‘ਮਿਸ ਇੰਡੀਆ' ਐਡਲਿਨ ਕੈਸਟੇਲੀਨੋ ਇਸ ਸੁੰਦਰਤਾ ਮੁਕਾਬਲੇ ਵਿੱਚ ਚੌਥੇ ਨੰਬਰ 'ਤੇ ਰਹੀ। \
ਇਹ ਮੁਕਾਬਲਾ ਐਤਵਾਰ ਰਾਤ ਇੱਥੇ ਹਾਲੀਵੁੱਡ ਦੇ ‘ਹਾਰਡ ਰੌਕ ਹੋਟਲ ਐਂਡ ਕੈਸੀਨੋ' ਵਿੱਚ ਹੋਇਆ। ਮਹਾਮਾਰੀ ਕਾਰਨ ਸਮਾਰੋਹ ਵਿੱਚ ਜ਼ਿਆਦਾ ਲੋਕਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ। 26 ਸਾਲਾ ਮੇਜ਼ਾ ਦੇ ਸਿਰ ਤਾਜ 2019 ਦੀ ਜੇਤੂ ਦੱਖਣੀ ਅਫਰੀਕਾ ਦੀ ਜ਼ੋਜ਼ੀਬਿਨੀ ਤੁੰਜ਼ੀ ਨੇ ਸਜਾਇਆ। ਬਰਾਜ਼ੀਲ ਦੀ ਜੂਲੀਆ ਗਾਮਾ (28) ਰਨਰ ਅਪ ਰਹੀ ਅਤੇ ਪੇਰੂ ਦੀ ਜੈਨਿਕ ਮਾਸੀਟਾ (27) ਤੀਜੇ ਸਥਾਨ ਉਤੇ ਰਹੀ ਹੈ। ਕੈਸਟੇਲਿਨੋ (22) ਨੂੰ ‘ਮਿਸ ਡੀਵਾ ਯੂਨੀਵਰਸ ਇੰਡੀਆ' ਨੇ ਵਧਾਈ ਦਿੱਤੀ ਹੈ। ਤਿੰਨ ਘੰਟੇ ਚੱਲੇ ਮੁਕਾਬਲੇ ਦੌਰਾਨ ਸੁਪਰਹਿੱਟ ਗੀਤ ‘ਡੈਸਪੈਸੀਟੋ' ਗਾਉਣ ਵਾਲੇ ਲੂਈਸ ਫੌਂਸੀ ਨੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਮੇਜ਼ਬਾਨੀ ਮਾਰੀਓ ਲੋਪੇਜ਼ ਤੇ ਓਲੀਵੀਆ ਕਲਪੋ ਨੇ ਕੀਤੀ। ਮੈਕਸੀਕੋ ਨੇ ਤੀਜੀ ਵਾਰ ਇਹ ਖਿਤਾਬ ਜਿੱਤਿਆ ਹੈ। ਇਸ ਤੋਂ ਪਹਿਲਾਂ ਇਹ 2010 ਤੇ 1991 ਵਿੱਚ ਵੀ ‘ਮਿਸ ਯੂਨੀਵਰਸ' ਖਿਤਾਬ ਜਿੱਤ ਚੁੱਕਾ ਹੈ।

‘ਮਿਸ ਯੂਨੀਵਰਸ' ਮੁਕਾਬਲੇ ਵਿੱਚ ਮਿਆਂਮਾਰ ਦੀ ਨੁਮਾਇੰਦਗੀ ਕਰ ਰਹੀ ਬੁਜ਼ਾਰ ਵਿੰਟ ਲਵਿਨ ਨੇ ਇਸ ਮੌਕੇ ਨੂੰ ਵਰਤਦਿਆਂ ਸੰਸਾਰ ਦੇ ਲੋਕਾਂ ਦਾ ਧਿਆਨ ਆਪਣੇ ਦੇਸ਼ ਦੇ ਹਾਲਾਤ ਵੱਲ ਖਿੱਚਿਆ। ਉਸ ਨੇ ਚੁਣੀ ਹੋਈ ਸਰਕਾਰ ਦੇ ਰਾਜ ਪਲਟਾਉਣ ਵਾਲੀ ਫੌਜ (ਜੁੰਟਾ) ਵਿਰੁੱਧ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ, ‘ਮੈਂ ਬੇਨਤੀ ਕਰਦੀ ਹਾਂ ਕਿ ਤੁਸੀਂ ਮਿਆਂਮਾਰ ਦਾ ਮੁੱਦਾ ਉਠਾਓ। ਮੈਂ ਜਿੰਨਾ ਹੋ ਸਕਦਾ ਸੀ ਬੋਲ ਰਹੀ ਹਾਂ। ਸਾਡੇ ਲੋਕਾਂ ਨੂੰ ਫੌਜ ਨਿੱਤ ਕਤਲ ਕਰ ਰਹੀ ਹੈ।' ਇਹ ਸੁਨੇਹਾ ਉਸ ਨੇ ਇੱਕ ਵੀਡੀਓ ਰਾਹੀਂ ਦਿੱਤਾ।

# ਕੋਰੋਨਾ ਮਰੀਜ਼ਾਂ ਦੇ ਲਈ ਪਲਾਜ਼ਮਾ ਥੈਰੇਪੀ ਉੱਤੇ ਸਰਕਾਰ ਵੱਲੋਂ ਰੋਕ

ਨਵੀਂ ਦਿੱਲੀ, 18 ਮਈ (ਪੋਸਟ ਬਿਊਰੋ)- ਭਾਰਤ ਵਿੱਚ ਜਾਰੀ ਕੋਰੋਨਾ ਵਾਇਰਸ ਦੇ ਇਲਾਜ ਦੌਰਾਨ ਮਰੀਜ਼ਾਂ ਨੂੰ ਦਿੱਤੀ ਜਾਣ ਵਾਲੀ ਪਲਾਜ਼ਮਾ ਥੈਰੇਪੀ ਉੱਤੇ ਰੋਕ ਲਾ ਦਿੱਤੀ ਗਈ ਹੈ। ਏਮਸ, ਆਈ ਸੀ ਐਮ ਆਰ, ਕੋਵਿਡ-19 ਉੱਤੇ ਬਣੀ ਨੈਸ਼ਨਲ ਟਾਸਕ ਫੋਰਸ, ਕੇਂਦਰੀ ਸਿਹਤ ਮੰਤਰਾਲੇ ਦੀ ਬੈਠਕ ਦੇ ਬਾਅਦ ਇਹ ਫੈਸਲਾ ਲਿਆ ਗਿਆ ਹੈ।ਟਾਸਕ ਫੋਰਸ ਨੇ ਕੋਵਿਡ ਮਰੀਜ਼ ਦੇ ਇਲਾਜ ਲਈ ਪੂਰੀਆਂ ਗਾਈਡਲਾਈਨਾਂ ਜਾਰੀ ਕੀਤੀਆਂ ਹਨ।

ਵਰਨਣ ਯੋਗ ਹੈ ਕਿ ਪਿਛਲੇ ਸਾਲ ਤੋਂ ਪਲਾਜ਼ਮਾ ਥੈਰੇਪੀ ਮਰੀਜ਼ਾਂ ਨੂੰ ਦਿੱਤੀ ਜਾ ਰਹੀ ਸੀ। ਅਪ੍ਰੈਲ ਵਿੱਚ ਸ਼ੁਰੂ ਹੋਈ ਦੂਸਰੀ ਲਹਿਰ ਦੌਰਾਨ ਇਸਦੀ ਮੰਗ ਕਾਫ਼ੀ ਵਧ ਗਈ ਸੀ, ਪਰ ਹੈਲਥ ਐਕਸਪਟਰਸ ਲਗਾਤਾਰ ਪਲਾਜ਼ਮਾ ਥੈਰੇਪੀ ਦੇ ਅਸਰਦਾਰ ਨਾ ਹੋਣ ਦੀ ਗੱਲ ਕਹਿ ਰਹੇ ਸਨ। ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈ ਸੀ ਐਮ ਆਰ) ਨੇ ਪਲਾਜ਼ਮਾ ਥੈਰੇਪੀ ਨੂੰ ਹਟਾਉਣ ਦੇ ਇਸ ਫੈਸਲੇ ਦੀ ਸੂਚਨਾ ਦਿੰਦੇ ਹੋਏ ਕਿਹਾ ਕਿ ਕੋਵਿਡ-19 ਮਰੀਜ਼ਾਂ ਦੇ ਇਲਾਜ ਲਈ ਪਲਾਜ਼ਮਾ ਥੈਰੇਪੀ ਦੀ ਵਰਤੋਂ ਨੂੰ ਪ੍ਰਬੰਧਕੀ ਨਿਰਦੇਸ਼ ’ਤੇ ਹਟਾ ਦਿੱਤਾ ਗਿਆ ਹੈ। ਆਈ ਸੀ ਐਮ ਆਰ ਦੀਆਂ ਨਵੀਆਂ ਗਾਈਡਲਾਈਨਾਂ ਵਿੱਚ ਕੋਵਿਡ ਮਰੀਜ਼ਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ। ਇਸ ਵਿੱਚ ਥੋੜ੍ਹੇ ਲੱਛਣਾਂ ਵਾਲੇ ਮਰੀਜ਼, ਦਰਮਿਆਨੇ ਲੱਛਣਾਂ ਵਾਲੇ ਅਤੇ ਗੰਭੀਰ ਲੱਛਣਾਂ ਵਾਲੇ ਮਰੀਜ਼ਾਂ ਨੂੰ ਹੋਮ ਆਈਸੋਲੇਸ਼ਨ ਵਿੱਚ ਰਹਿਣ ਦਾ ਨਿਰਦੇਸ਼ ਦਿੱਤਾ ਗਿਆ ਹੈ, ਦਰਮਿਆਨੀ ਅਤੇ ਗੰਭੀਰ ਲਾਗ ਵਾਲੇ ਮਰੀਜ਼ਾਂ ਨੂੰ ਕ੍ਰਮਵਾਰ ਕੋਵਿਡ ਵਾਰਡ ਵਿੱਚ ਭਰਤੀ ਅਤੇ ਆਈ ਸੀ ਯੂ ਵਿੱਚ ਭਰਤੀ ਕਰਨ ਦੇ ਲਈ ਕਿਹਾ ਗਿਆ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4


| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal
Co-Host
Iqbal Mahal
Producer & Host
Serving the South Asian Community Since 1976

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005



AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-




Karnail Singh
416.670.3173 | 905.799.7333
27 Edvac Dr, Brampton, ON L6S 5X8

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.crearealtor.com
Looking For a Nest..? Call the Best




CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2455 | 42' |


EXCLUSIVE FOR SALE IN WOODSTOCK



FOR SALE
EXCLUSIVE
JAMES C
CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2250 | 36' |

3+1 bdrms with finished Basement




Just listed for sale on MLS, 5 Sedgegrass way Brampton

KAMAL SANDHU RE/MAX GOLD REALTY INC BROKERAGE

# ਭਾਜਪਾ ਵਾਦ-ਵਿਵਾਦ ਖੇਤੀਬਾੜੀ ਕਾਨੂੰਨਾਂ ਨੂੰ ਦਫਨ ਕਰਨ ਬਾਰੇ ਸੋਚੇ

-ਸੰਜੇ ਕੁਮਾਰ



2015 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਪਹਿਲੀ ਭਾਜਪਾ ਸਰਕਾਰ ਨੇ ਕਾਰਪੋਰੇਟਸ ਨੂੰ ਪੂਰੇ ਦੇਸ਼ ਵਿੱਚ ਜ਼ਮੀਨ ਤੱਕ ਆਪਣੀ ਪਹੁੰਚ ਸੌਖੀ ਬਣਾਉਣ ਵਾਲੇ ਜ਼ਮੀਨ ਹਾਸਲ ਕਰਨ ਸਬੰਧੀ ਕਾਨੂੰਨਾਂ ਦੀ ਕਾਇਆ ਪਲਟ ਕਰਨ ਲਈ ਇੱਕ ਅਹਿਮ ਸੁਧਾਰ ਕੀਤਾ, ਪਰ ਸਰਕਾਰ ਨੂੰ ਵਿਰੋਧੀ ਪਾਰਟੀਆਂ ਦੇ ਜ਼ੋਰਦਾਰ ਵਿਰੋਧ ਸਹਿਣੇ ਪਏ, ਜਿਸ ਕਾਰਨ ਤਬਦੀਲੀਆਂ ਨੂੰ ਵਾਪਸ ਲੈ ਲਿਆ ਗਿਆ ਸੀ। ਸਾਲ 2020 ਵਿੱਚ ਮੋਦੀ ਦੀ ਅਗਵਾਈ ਵਾਲੀ ਦੂਜੀ ਭਾਜਪਾ ਸਰਕਾਰ ਨੇ ਭਾਰਤ ਦੇ ਖੇਤੀਬਾੜੀ ਕਾਨੂੰਨਾਂ ਵਿੱਚ ਅਹਿਮ ਸੁਧਾਰ ਕੀਤਾ, ਜਿਸ ਨਾਲ ਕੰਪਨੀਆਂ ਲਈ ਕਿਸਾਨਾਂ ਕੋਲੋਂ ਸਿੱਧੇ ਤੌਰ ਉਤੇ ਖ਼ਰੀਦ ਕਰਨੀ ਸੌਖੀ ਹੋ ਗਈ। ਇਸ ਨਾਲ ਰਵਾਇਤੀ ਵਿਚੋਲਿਆਂ ਅਤੇ ਮੰਡੀਆਂ ਨੂੰ ਲਾਂਭੇ ਕਰ ਦਿੱਤਾ ਗਿਆ।

ਵਿਰੋਧੀ ਪਾਰਟੀਆਂ ਦੇ ਆਗੂ, ਸੁਪਰੀਮ ਕੋਰਟ ਦੀ ਇੱਕ ਚੁਣੌਤੀ ਅਤੇ ਦਿੱਲੀ ਦੀਆਂ ਹੱਦਾਂ ਉੱਤੇ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਹੇ ਕਿਸਾਨ ਪ੍ਰਦਰਸ਼ਨਾਂ ਦੇ ਬਾਵਜੂਦ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ ਤੇ ਸਿਰਫ਼ ਰਿਆਇਤਾਂ ਦਾ ਪ੍ਰਸਤਾਵ ਦਿੰਦੀ ਰਹੀ। ਉਸ ਨੇ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਨਹੀਂ ਕੀਤਾ।

ਇਸ ਵਕਤ ਇਹ ਲਹਿਰ ਪਲਟ ਰਹੀ ਹੈ। 'ਲੋਕ ਨੀਤੀ-ਸੀ ਐਸ ਡੀ ਐਸ' ਗਰੁੱਪ ਰਾਹੀਂ ਆਯੋਜਿਤ ਚੋਣਾਂ ਪਿੱਛੋਂ ਦੇ ਤਾਜ਼ਾ ਸਰਵੇਖਣ ਤੋਂ ਮਿਲੇ ਅੰਕੜਿਆਂ ਨੇ ਰਾਜਾਂ ਦੇ ਵਿਖਾਵਾਕਾਰੀ ਕਿਸਾਨਾਂ ਲਈ ਵੱਡੀ ਹਮਾਇਤ ਵਿਖਾਈ ਹੈ। ਭਾਜਪਾ ਦੇ ਹਮਾਇਤੀਆਂ ਵਿੱਚ ਨਵੇਂ ਖੇਤੀਬਾੜੀ ਕਾਨੂੰਨਾਂ ਬਾਰੇ ਬੇਚੈਨੀ ਪਤਾ ਲੱਗੀ ਹੈ। ਇੱਕ ਅਜਿਹੇ ਸਮੇਂ ਵਿੱਚ ਜਦੋਂ ਸੱਤਾਧਾਰੀ ਪਾਰਟੀ ਦੀ ਲੋਕਪ੍ਰਿਯਤਾ ਘਟ ਰਹੀ ਹੈ, ਪਾਰਟੀ ਚੌਕਸ ਨਜ਼ਰ ਆਉਂਦੀ ਹੈ। ਗੈਰ ਲੋਕ-ਰਾਜੀ ਖੇਤੀਬਾੜੀ ਕਾਨੂੰਨਾਂ ਨੂੰ ਉਹ ਵਾਪਸ ਲੈਣ ਬਾਰੇ ਸੋਚ ਰਹੀ ਹੋਵੇਗੀ।

ਪਿੱਛੇ ਜਿਹੇ ਹੋਈਆਂ ਚਾਰ ਰਾਜਾਂ ਅਤੇ ਇੱਕ ਕੇਂਦਰ ਸ਼ਾਸਿਤ ਖੇਤਰ ਦੀਆਂ ਅਸੈਂਬਲੀ ਚੋਣਾਂ ਵਿੱਚ ਭਾਜਪਾ ਦੀ ਕਾਰਗੁਜ਼ਾਰੀ ਤੇ ਕੋਰੋਨਾ ਮਹਾਂਮਾਰੀ ਨਾਲ ਨਜਿੱਠਣ ਲਈ ਸਰਕਾਰ ਦੀ ਨਾਕਾਮੀ ਨੂੰ ਦੇਖ ਕੇ ਲੋਕਾਂ ਦੇ ਵਧਦੇ ਗੁੱਸੇ ਕਾਰਨ ਸੱਤਾਧਾਰੀ ਪਾਰਟੀ ਦੇ ਅਕਸ ਨੂੰ ਕਿਸੇ ਹੱਦ ਤੱਕ ਠੇਸ ਪੁੱਜੀ ਹੈ। ਉਤਰ ਪ੍ਰਦੇਸ਼ ਦੀਆਂ ਤਾਜ਼ਾ ਪੰਚਾਇਤੀ ਚੋਣਾਂ ਦੇ ਨਤੀਜੇ ਵੀ ਸੱਤਧਾਰੀ ਭਾਜਪਾ ਸਰਕਾਰ ਦੇ ਉਲਟ ਗਏ ਹਨ। ਇੱਥੇ ਪਾਰਟੀ ਇੱਕ ਸਾਲ ਵਿੱਚ ਇੱਕ ਹੋਰ ਚੁਣੌਤੀ ਸਹਿਣ ਕਰੇਗੀ। ਉਤਰ ਪ੍ਰਦੇਸ਼ ਵਿੱਚ ਸਮਾਜਵਾਦੀ ਪਾਰਟੀ ਨੇ ਭਾਜਪਾ ਦੇ ਮੁਕਾਬਲੇ ਚੰਗਾ ਪ੍ਰਦਰਸ਼ਨ ਕੀਤਾ ਹੈ। 2015 ਵਰਗੇ ਖੇਤੀਬਾੜੀ ਕਾਨੂੰਨਾਂ ਦੀ ਵਾਪਸੀ ਕਾਰਨ ਉਤਰ ਪ੍ਰਦੇਸ਼ ਅਤੇ ਉਸ ਤੋਂ ਅੱਗੇ ਪਾਰਟੀ ਦੀ ਹਮਾਇਤ ਦੇ ਆਧਾਰ ਵਿੱਚ ਕਮੀ ਹੋਣ ਦੀ ਸੰਭਾਵਨਾ ਬਣ ਸਕਦੀ ਹੈ। ਦਿੱਲੀ ਦੀਆਂ ਹੱਦਾਂ ਉੱਤੇ ਵਿਖਾਵਾ ਕਰਨ ਵਾਲੇ ਕਿਸਾਨ ਵਧੇਰੇ ਕਰਕੇ ਪੰਜਾਬ ਅਤੇ ਹਰਿਆਣਾ ਦੇ ਸਨ, ਪਰ ਇਸ ਮੁੱਦੇ ਦੀ ਗੂੰਜ ਸਭ ਪਾਸੇ ਸੁਣਾਈ ਦਿੱਤੀ ਹੈ। ਕਿਸਾਨ ਪ੍ਰਦਰਸ਼ਨਾਂ ਦੀ ਪਹੁੰਚ ਸਿਰਫ਼ ਦਰਮਿਆਨੇ ਵਰਗ ਤੱਕ ਹੀ ਸੀਮਤ ਨਹੀਂ, ਦਰਮਿਆਨੇ ਵਰਗ ਦੀ ਵੱਡੀ ਗਿਣਤੀ ਨੇ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕੀਤਾ ਹੈ। ਕੁਝ ਸਮਾਂ ਪਹਿਲਾਂ ਹੋਈਆਂ ਚੋਣਾਂ ਵਿੱਚ ਇਸ ਵਰਗ ਨੇ ਭਾਜਪਾ ਨੂੰ ਝਟਕਾ ਦਿੱਤਾ ਅਤੇ ਇਸ ਵਰਗ ਨੇ ਰਵਾਇਤੀ ਤੇ ਮੀਡੀਆ ਚੈਨਲਾਂ ਰਾਹੀਂ ਆਪਣੀ ਆਵਾਜ਼ ਉਠਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ। ਕਈ ਮੁੱਦਿਆਂ ਉਤੇ ਉਨ੍ਹਾਂ ਦੀ ਆਵਾਜ਼ ਨੇ ਇੱਕ ਅਸਰਦਾਰ ਕੌਮੀ ਗੱਲਬਾਤ ਦਾ ਨਵਾਂ ਆਕਾਰ ਦਿੱਤਾ ਹੈ ਅਤੇ ਖੇਤੀਬਾੜੀ ਕਾਨੂੰਨ ਅਜਿਹਾ ਹੀ ਇੱਕ ਹੋਰ ਮੁੱਦਾ ਹੋ ਸਕਦਾ ਹੈ।

ਦਰਮਿਆਨੇ ਵਰਗ ਦਾ ਸੀ ਐਸ ਡੀ ਐਸ ਸਰਵੇ ਇੱਕ ਗੁੰਝਲਦਾਰ ਸੂਚਕ ਅੰਕ ਉਤੇ ਆਧਾਰਿਤ ਹੈ, ਜੋ ਆਮਦਨ ਦੇ ਪੱਧਰਾਂ, ਰਿਹਾਇਸ਼ ਦਾ ਇਲਾਕਾ, ਪੇਸ਼ਾ ਤੇ ਘਰੇਲੂ ਜਾਇਦਾਦਾਂ ਦੇ ਸੁਭਾਅ ਨੂੰ ਪੇਸ਼ ਕਰਦਾ ਹੈ। ਘਰੇਲੂ ਜਾਇਦਾਦਾਂ ਵਿੱਚ ਕਾਰ, ਮੋਟਰਸਾਈਕਲ ਜਾਂ ਫਰਿੱਜ ਸ਼ਾਮਲ ਹਨ। 2019 ਦੀਆਂ ਪਿਛਲੀਆਂ ਲੋਕ ਸਭਾ ਦੀਆਂ ਚੋਣਾਂ ਪਿੱਛੋਂ ਦੇ ਸਰਵੇਖਣ ਦੱਸਦੇ ਹਨ ਕਿ 35 ਫ਼ੀਸਦੀ ਪ੍ਰਤੀਵਾਦੀ ਦਰਮਿਆਨੇ ਵਰਗ ਦੀ ਸੀ ਐਸ ਡੀ ਐਸ ਦੀ ਪਰਿਭਾਸ਼ਾ ਵਿੱਚ ਆਉਂਦੇ ਹਨ।

ਚੋਣਾਂ ਪਿੱਛੋਂ ਦਾ ਸਰਵੇਖਣ ਦੱਸਦਾ ਹੈ ਕਿ ਵਿਰੋਧੀ ਪਾਰਟੀਆਂ ਦੇ ਉਹ ਲੋਕ ਵਧੇਰੇ ਹਨ, ਜੋ ਖੇਤੀਬਾੜੀ ਕਾਨੂੰਨਾਂ ਦੀ ਵਿਰੋਧਤਾ ਕਰਦੇ ਹਨ। ਇਨ੍ਹਾਂ ਦੀ ਗਿਣਤੀ ਭਾਜਪਾ ਹਮਾਇਤੀਆਂ ਤੋਂ ਵੱਧ ਹੈ। ਮਿਸਾਲ ਵਜੋਂ ਕੇਰਲ 'ਚ 56 ਫ਼ੀਸਦੀ ਖੱਬੇ ਪੱਖੀ ਵੋਟਰ ਅਤੇ ਆਸਾਮ ਵਿੱਚ 52 ਫ਼ੀਸਦੀ ਕਾਂਗਰਸ ਦੀ ਹਮਾਇਤ ਵਾਲੇ ਗੱਠਜੋੜ ਦੇ ਸਮੱਰਥਕਾਂ ਨੇ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕੀਤਾ ਹੈ, ਪਰ ਵਧੇਰੇ ਭਾਜਪਾ ਹਮਾਇਤੀਆਂ ਦੇ ਇੱਕ ਹਿੱਸੇ ਨੇ ਵੀ ਖੇਤੀਬਾੜੀ ਕਾਨੂੰਨਾਂ ਦੀ ਵਿਰੋਧਤਾ ਕੀਤੀ ਹੈ। ਆਸਾਮ, ਜਿੱਥੇ ਭਾਜਪਾ ਨੇ ਮੁੜ ਸੱਤਾ ਹਾਸਲ ਕੀਤੀ ਹੈ, ਵਿੱਚ 26 ਫ਼ੀਸਦੀ ਲੋਕਾਂ ਨੇ ਇਸ ਲਈ ਵੋਟ ਦਿੱਤੀ, ੀ ਉਨ੍ਹਾਂ ਦਾ ਮੰਨਣਾ ਹੈ ਕਿ ਨਵੇਂ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰ ਦੇਣਾ ਚਾਹੀਦਾ ਹੈ। ਪੱਛਮੀ ਬੰਗਾਲ ਵਿੱਚ ਭਾਜਪਾ ਵੋਟਰਾਂ ਦਰਮਿਆਨ 22 ਫ਼ੀਸਦੀ ਲੋਕਾਂ ਨੇ ਨਵੇਂ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਨ ਲਈ ਆਪਣੀ ਹਮਾਇਤ ਦਿੱਤੀ ਹੈ। ਕੇਰਲਾ ਅਤੇ ਤਾਮਿਲ ਨਾਡੂ ਵਿੱਚ ਭਾਜਪਾ ਜਿੱਥੇ ਇੱਕ ਪ੍ਰਭਾਵਸ਼ਾਲੀ ਪਾਰਟੀ ਨਹੀਂ ਤੇ ਉਸ ਨੇ ਦੂਜੀਆਂ ਪਾਰਟੀਆਂ ਨਾਲ ਗੱਠਜੋੜ ਕਰਕੇ ਚੋਣ ਲੜੀ ਹੈ, ਉਥੇ ਵੀ ਨਵੇਂ ਖੇਤੀਬਾੜੀ ਕਾਨੂੰਨ ਦੀ ਹਮਾਇਤ ਦਾ ਆਧਾਰ ਕਿਤੇ ਨਜ਼ਰ ਨਹੀਂ ਆਉਂਦਾ। ਚੋਣਾਂ ਤੋਂ ਬਾਅਦ ਦਾ ਸਰਵੇਖਣ ਡਾਟਾ ਦੱਸਦਾ ਹੈ ਕਿ ਕਿਸਾਨਾਂ ਦੇ ਪ੍ਰਦਰਸ਼ਨ ਬਾਰੇ ਉਚ ਪੱਧਰੀ ਜਾਗਰੂਕਤਾ ਪਾਈ ਜਾਂਦੀ ਹੈ। ਇਹ ਸਰਵੇਖਣ ਚਾਰ ਸੂਬਿਆਂ ਵਿੱਚ ਕੀਤਾ ਗਿਆ ਹੈ।

ਕਿਸਾਨਾਂ ਦੇ ਅੰਦੋਲਨ ਦੇ ਹੱਕ ਵਿੱਚ ਸੋਸ਼ਲ ਮੀਡੀਆ ਦੇ ਯੋਗਦਾਨ ਕਾਰਨ ਪੂਰੇ ਦੇਸ਼ ਵਿੱਚ ਕਿਸਾਨਾਂ ਦੇ ਹੱਕ ਵਿੱਚ ਹਮਾਇਤ ਬਣੀ ਹੈ। ਭਾਵੇਂ ਕੋਈ ਕਿਸਾਨ ਹੋਵੇ ਜਾਂ ਹੋਰ, ਪਿੰਡ ਵਿੱਚ ਰਹਿੰਦਾ ਹੋਵੇ ਜਾਂ ਸ਼ਹਿਰ ਵਿੱਚ, ਬਹੁਤ ਘੱਟ ਲੋਕਾਂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਇਸ ਮੁੱਦੇ ਦੀ ਜਾਣਕਾਰੀ ਨਹੀਂ। ਅਜਿਹੇ ਸਮੇਂ ਵਿੱਚ ਜਦੋਂ ਕਿ ਭਾਜਪਾ ਕਈ ਸੰਕਟਾਂ ਨੂੰ ਝੱਲ ਰਹੀ ਹੈ, ਪਾਰਟੀ ਨੂੰ ਚਾਹੀਦਾ ਹੈ ਕਿ ਇਸ ਤੋਂ ਪਹਿਲਾਂ ਕਿ ਸਮੱਸਿਆ ਹੋਰ ਗੁੰਝਲਦਾਰ ਹੋ ਜਾਵੇ, ਖੇਤੀਬਾੜੀ ਕਾਨੂੰਨਾਂ ਨੂੰ ਦਫਨ ਕਰਨ ਦਾ ਇਹ ਚੰਗਾ ਮੌਕਾ ਹੈ ਤਾਂ ਜੋ ਇਸ ਸੰਕਟ ਨੂੰ ਹੋਰ ਘੱਟ ਕੀਤਾ ਜਾ ਸਕੇ।

# ਮਨੁੱਖਤਾ ਨੂੰ ਇਸ ਮਹਾਂਮਾਰੀ ਤੋਂ ਬਚਾਉਣ ਲਈ ਰੱਲ ਮਿਲ ਕੇ ਯਤਨ ਕਰਨਾ ਅਤਿ ਜਰੂਰੀ

## ਜਿਨ੍ਹਾਂ ਜਿਆਦਾ ਕਾਨੂੰਨ ਜਰੂਰੀ ਉਸਦੇ ਨਾਲੋਂ ਕਿਤੇ ਜ਼ਿਆਦਾ ਮਰਿਆਦਾ ਦੀ ਅਹਿਮੀਅਤ ...




ਭਾਰਤ ਦੇਸ਼ ਨੂੰ ਗੁਰੂਆਂ-ਪੀਰਾਂ ਦੀ ਧਰਤੀ ਕਿਹਾ ਜਾਂਦਾ ਹੈ, ਜਿਥੇ ਸਭ ਤੋਂ ਜਿਆਦਾ ਪੂਜਾ-ਪਾਠ, ਦਾਨ ਪੂੰਨ, ਸਮਾਜ ਸੇਵਾ ਦੇ ਕੰਮ ਹੁੰਦੇ ਹਨ ਅਤੇ ਜਿਸ ਦੀਆਂ ਮਿਸਾਲਾਂ ਪੂਰੀ ਦੁਨੀਆਂ ਵਿੱਚ ਦਿੱਤੀਆਂ ਜਾਂਦੀਆਂ ਹਨ ਪਰੰਤੂ ਮੌਜੂਦਾ ਸਮੇਂ ਦੇ ਵਿਚ ਜੋ ਕੁਝ ਦੇਖਣ ਅਤੇ ਸੁਣਨ ਨੂੰ ਮਿਲ ਰਿਹਾ ਹੈ,ਜੋ ਕੁਝ ਮੌਜੂਦਾ ਸਮੇਂ ਵਿਚ ਹੋ ਰਿਹਾ ਹੈ ਉਹ ਗੁਰੂਆਂ-ਪੀਰਾਂ ਦੀ ਸੋਚ ਤੋਂ ਕਿਤੇ ਨਾ ਕਿਤੇ ਉੱਲਟ ਹੁੰਦਾ ਲੱਗ ਰਿਹਾ ਹੈ। ਅੱਜ ਕੋਰੋਨਾ ਦਾ ਵਾਇਰਸ ਬਹੁਤ ਹੀ ਖਤਰਨਾਕ ਰੂਪ ਲੈ ਚੁੱਕਿਆ ਹੈ। ਆਏ ਦਿਨ ਮਰੀਜ਼ਾਂ ਦੀ ਗਿਣਤੀ ਦੇ ਵੱਧਣ ਦੇ ਨਾਲ-ਨਾਲ ਮਰੀਜਾਂ ਦੀ ਮੌਤ ਦੀ ਦਰ ਵਿਚ ਦਿਨੋ ਦਿਨ ਵਧਦੀ ਜਾ ਰਹੀ ਹੈ ਜੋ ਕਿ ਇਸ ਵੇਲੇ ਮਨੁੱਖਤਾ ਦੇ ਲਈ ਬਹੁਤ ਹੀ ਚਿੰਤਾਜਨਕ ਵਿਸ਼ਾ ਬਣਿਆ ਹੋਇਆ ਹੈ। ਆਏ ਦਿਨ ਸ਼ੋਸਲ ਮੀਡਿਆ ਤੇ ਵਾਇਰਲ ਹੁੰਦੀਆਂ ਵੀਡਿਓ ਚਾਹੇ ਉਹ ਇਕ ਪੁਲਿਸ ਅਧਿਕਾਰੀ ਵਲੋਂ ਇੱਕ ਸ਼ਬਜੀ ਵਾਲੇ ਦੀ ਦੁਕਾਨ ਦੇ ਅੱਗੇ ਲੱਗੀ ਇਕ ਟੋਕਰੀ ਨੂੰ ਲੱਤ ਮਾਰਨ ਦੀ ਹੋਵੇ, ਜਲੰਧਰ ਦੇ ਵਿਚ ਇਕ ਬੱਚੇ ਦੀ ਮੌਤ ਦੇ ਬਾਅਦ ਉਸਦੇ ਪਿਤਾ ਵਲੋਂ ਲਾਸ਼ ਨੂੰ ਸ਼ਮਸ਼ਾਨਘਾਟ ਮੋਢੇ ਤੇ ਚੁੱਕ ਕੇ ਲੈ ਜਾਣ ਦੀ ਹੋਵੇ, ਘਰ ਦੇ ਵਿਚ ਹੀ ਗੈਸ ਵਾਲੀ ਭੱਠੀ 'ਤੇ ਸੰਸਕਾਰ ਕਰਨ ਦੀ ਵੀਡਿਓ ਹੋਵੇ ਸਮੇਤ ਕਈ ਹੋਰ ਵੀਡਿਓ ਵਾਇਰਲ ਹੋ ਰਹੀਆਂ ਹਨ ਜਿਸਨੂੰ ਦੇਖ ਕੇ ਇਹ ਮਹਿਸੂਸ ਹੁੰਦਾ ਹੈ ਕਿ ਕਿਤੇ ਨਾ ਕਿਤੇ ਮਨੁੱਖਤਾ ਦੀ ਸੋਚ ਖਤਮ ਹੁੰਦੀ ਜਾ ਰਹੀ ਹੈ। ਦਿਨੋਂ ਦਿਨ ਵਾਇਰਲ ਹੋ ਰਹੀਆਂ ਵੀਡਿਓਜ ਦਾ ਸਿਲਸਿਲਾ ਰੋਜਾਨਾਂ ਹੀ ਵੱਧਦਾ ਜਾ ਰਿਹਾ ਹੈ, ਜਿਸ ਨਾਲ ਕਈ ਸਵਾਲ ਵੀ ਖੜੇ ਹੁੰਦੇ ਹਨ ਜਿਸਦਾ ਜਵਾਬ ਕਿਸੇ ਪਾਸਿਓ ਮਿਲਦਾ ਹੋਇਆ ਦਿਖਾਈ ਨਹੀਂ ਦੇ ਰਿਹਾ। ਕਈ ਵਾਰ ਤਾਂ ਇਸ ਤਰ੍ਹਾਂ ਮਹਿਸੂਸ ਹੋਣ ਲਗਦਾ ਹੈ ਕਿ ਮਨੁੱਖਤਾ ਦਾ ਇਸ ਵੇਲੇ ਗਲਾ ਘੁੱਟਿਆ ਜਾ ਰਿਹਾ ਹੈ, ਇਹ ਕੋਸ਼ਿਸ਼ ਹੋ ਰਹੀ ਹੈ ਕਿ ਹੈਵਾਨੀਅਤ ਦਾ ਬੋਲਬਾਲਾ ਹੋਵੇ ਅਤੇ ਮਨੁੱਖਤਾ ਨੂੰ ਰਹਿਣ ਲਈ ਕੋਈ ਥਾਂ ਹੀ ਨਾ ਰਹਿ ਜਾਵੇ। ਕਾਨੂੰਨ ਦਾ ਪਾਲਣ ਜਿਥੇ ਜਰੂਰੀ ਹੈ, ਇਸਦੇ ਨਾਲ ਮਰਿਆਦਾ ਤੇ ਆਪਸੀ ਸਹਿਯੋਗ ਦੀ ਵੀ ਅਹਿਮੀਅਤ ਵੀ ਕਿਤੇ ਘੱਟ ਨਹੀਂ ਹੈ। ਇਸ ਵੇਲੇ ਇਸ ਸਮੇਂ ਦੀ ਮੰਗ ਨੂੰ ਦੇਖਦੇ ਹੋਏ ਮਨੁੱਖਤਾ ਨੂੰ ਬਚਾਉਣ ਲਈ ਰਲ ਮਿਲ ਕੇ ਯਤਨ ਕਰਨਾ ਬਹੁਤ ਹੀ ਜਰੂਰੀ ਹੁੰਦਾ ਜਾ ਰਿਹਾ ਹੈ ਕਿਉਂਕਿ ਜੇਕਰ ਇਸੇ ਤਰ੍ਹਾਂ ਚੱਲਦਾ ਰਿਹਾ ਹੈ ਤਾਂ ਉਹ ਦਿਨ ਦੂਰ ਨਹੀਂ ਜਦੋਂ ਮਨੁੱਖਤਾ ਖਤਮ ਹੋ ਜਾਵੇਗੀ ਅਤੇ ਹੈਵਾਨੀਅਤ ਦੀ ਸੋਚ ਦਾ ਪਲੜਾ ਭਾਰੀ ਹੋ ਜਾਵੇਗਾ ਅਤੇ ਮਨੁੱਖ ਨੂੰ ਸਾਹ ਲੈਣਾ ਵੀ ਇਸ ਸਮਾਜ ਵਿਚ ਔਖਾ ਹੋ ਜਾਵੇਗਾ। ਕਰਨਾ ਕੀ ਹੋਵੇਗਾ ਇਹ ਇਕ ਵੱਡਾ ਸਵਾਲ ਹੈ। ਆਪਣੀ ਸੋਚ ਵਿੱਚ ਬਦਲਾਅ ਲਿਆਉਣਾ ਪਵੇਗਾ। ਆਪਣੇ ਆਲੇ ਦੁਆਲੇ ਅਤੇ ਗੁਆਂਢ ਵਿਚ ਰਹਿੰਦੇ ਜਰੂਰਤਮੰਦਾ ਦੀ ਮਦਦ ਕਰਨੀ ਪਵੇਗੀ। ਲੋੜਵੰਦਾਂ ਦੀ ਮਦਦ ਜਿੰਨੀ ਵੀ ਹੋ ਸਕੇ ਬਿਨ੍ਹਾਂ ਕਿਸੇ ਭੇਦਭਾਵ ਅਤੇ ਰਾਜਨੀਤੀ ਤੋਂ ਉੱਪਰ ਉੱਠ ਕੇ ਕਰਨੀ ਪਵੇਗੀ। ਜਰੂਰੀ ਨਹੀਂ ਕਿ ਲੋੜਵੰਦ ਝੂਠੀਆਂ ਵਿੱਚ ਰਹਿਣ ਵਾਲੇ ਹੀ ਹੋਣ। ਬਲਕਿ ਗੁਆਢੀਂ ਦੂਸਰੇ ਗੁਆਢੀਂ ਦੀ ਜਰੂਰਤ ਨੂੰ ਪੂਰਾ ਕਰਨ । ਜੋ ਬੰਦਾ ਮਦਦ ਕਰਨ ਯੋਗ ਹੈ ਉਹ ਸਮੇਂ ਦੀ ਮੰਗ ਨੂੰ ਦੇਖਦੇ ਹੋਏ ਮਦਦ ਲਈ ਅੱਗੇ ਆਵੇ। ਹੁੰਦਾ ਕੀ ਹੈ ਕਈ ਵਾਰ ਇਕ ਮਦਦ ਕਰਨ ਵਾਲਾ ਕਿਸੀ ਦੂਸਰੀ ਜਗ੍ਹਾ ਤੇ ਜਾ ਕੇ ਜਰੂਰਤਮੰਦਾਂ ਦੀ ਮਦਦ ਕਰਦਾ ਹੈ ਲੇਕਿਨ ਉਸਦੇ ਆਲੇ-ਦੁਆਲੇ ਜਾਂ ਮੁਹੱਲੇ, ਗੁਆਂਢ , ਪਿੰਡ ਜਾਂ ਸ਼ਹਿਰ ਦੇ ਵਿਚ ਕਈ ਕਈ ਦਿਨਾਂ ਤੋਂ ਭੁੱਖੇ ਲੋਕ ਦਿਖਾਈ ਦਿੰਦੇ ਹਨ। ਇਸ ਲਈ ਹਰ ਕਿਸੇ ਨੂੰ ਇਕ ਦੂਸਰੇ ਦਾ ਹੱਥ ਫੜਨਾ ਚਾਹੀਦਾ ਹੈ ਅਤੇ ਆਪਣੇ ਨੇੜੇ ਤੇ ਦੂਰ ਜਿੱਥੇ ਤੱਕ ਸਮਰੱਥਾ ਹੋਵੇ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਮਨੁੱਖਤਾ ਨੂੰ ਕਿਤੇ ਨਾ ਕਿਤੇ ਸੌਖਾ ਸਾਹ ਆ ਸਕੇ ।

ਲੇਖਕ
ਮਨਪ੍ਰੀਤ ਸਿੰਘ ਮੰਨਾ
ਪਿੰਡ ਥੇਂਦਾ ਚਿਪੜਾ
ਗੜ੍ਹਦੀਵਾਲਾ
ਤਹਿਸੀਲ ਦਸੂਹਾ
ਜਿਲ੍ਹਾ ਹੁਸ਼ਿਆਰਪੁਰ।
ਮੋਬ: 7814800439

# ਕੌੜੇ ਬੋਲ ਨਾ ਬੋਲੀਏ, ਕਰਤਾਰੋਂ ਡਰੀਏ

ਅਕਸਰ ਕਿਹਾ ਜਾਂਦਾ ਹੈ ਕਿ ਤਲਵਾਰ ਦੇ ਫੱਟ ਤਾਂ ਰਾਜੀ ਹੋ ਜਾਂਦੇ ਹਨ ਪਰ ਜ਼ੁਬਾਨ ਦੇ ਫੱਟ ਕਦੇ ਨਹੀਂ ਭਰਦੇ। ਅੱਜ ਦੇ ਅਧੁਨਿਕ ਦੌਰ ਵਿੱਚ ਹਰ ਕੋਈ ਆਪਣੀ ਜ਼ਿੰਦਗੀ ਵਿੱਚ ਮਸਤ ਹੈ, ਸੁਖ ਸਹੂਲਤਾਂ ਲੋਕਾਂ ਕੋਲ ਬਹੁਤ ਨੇ ਪਰ ਬੋਲਾਂ ਦਾ ਮਿੱਠਾਪਣ, ਸਹਿਣਸ਼ੀਲਤਾ, ਪਿਆਰ ਮਹੁੱਬਤ, ਪਰਿਵਾਰਕ ਸਾਂਝ ਕਿਤੇ ਖੰਭ ਲਾ ਉੱਡ ਗਈ ਹੈ। ਬਹੁਤ ਵਿਰਲੇ ਘਰ ਪਰਿਵਾਰ ਵੇਖਣ ਨੂੰ ਮਿਲਦੇ ਹਨ, ਜਿੱਥੇ ਆਪਸੀ ਪ੍ਰੇਮ ਪਿਆਰ ਨਾਲ ਟੱਬਰ ਸੁਖੀ ਵਸ ਰਿਹਾ ਹੈ ਨਹੀਂ ਤਾਂ ਬਹੁਤਾਂਤ ਘਰਾਂ ਵਿੱਚ ਆਪਣੇ ਹੀ ਖੂਨ ਆਪਣੇ ਹੀ ਪਰਿਵਾਰਕ ਮੈਬਰਾਂ ਨਾਲ ਸ਼ਰੀਕੇਬਾਜ਼ੀ ਨੇ ਪਰਿਵਾਰਕ ਸਾਂਝ ਖਤਮ ਕਰ ਦਿੱਤੀ ਹੈ। ਮੈਨੂੰ ਅੱਜ ਵੀ ਯਾਦ ਹੈ ਮੈਂ ਸਾਡੇ ਘਰ ਇੱਕ ਸੀਰੀ ਰੱਖਿਆ ਹੁੰਦਾ ਸੀ , ਮੈਂ ਉਸਨੂੰ ਕੰਮ ਨਾ ਸਹੀ ਕਰਨ ਲਈ ਜਰਾ ਉੱਚੇ ਬੋਲ ਬੋਲ ਦਿੱਤੇ। ਕੋਲ ਬੈਠੀ ਮੇਰੇ ਦਾਦੀ ਜੀ ਕਹਿਣ ਲੱਗੇ " ਪੁੱਤ ਕੌੜੇ ਬੋਲ ਨਾ ਬੋਲੀਏ, ਕਰਤਾਰੋਂ ਡਰੀਏ। " ਉਮਰ ਨਿਆਣੀ ਹੋਣ ਕਰਕੇ ਉਸ ਸਮੇਂ ਇਹਨਾਂ ਗੱਲਾਂ ਦੀ ਕੁਝ ਜਿਆਦਾ ਸਮਝ ਨਹੀਂ ਸੀ, ਪਰ ਦਾਦੀ ਵੱਲੋਂ ਜਦੋਂ ਉਦਹਾਰਣਾਂ ਦੇ ਅਰਥ ਸਮਝਾਏ ਤਾਂ ਮਿੱਠਾ ਬੋਲਣ ਦਾ ਪ੍ਰਣ ਲਿਆ। ਹਰ ਇਨਸਾਨ ਵਿੱਚ ਇੱਕ ਦਿਲ ਹੈ, ਹਰ ਇਨਸਾਨ ਦੇ ਜਜ਼ਬਾਤ ਅਤੇ ਅਹਿਸਾਸ ਹੁੰਦੇ ਹਨ, ਉਹ ਚਾਹੇ ਅਮੀਰ ਹੋਵੇ ਚਾਹੇ ਗਰੀਬ। ਦਾਦੀ ਦੀ ਇਹ ਗੱਲ ਵੀ ਸੋ ਆਨੇ ਸੱਚ ਹੈ ਕਿ ਕਰਤਾਰ ਤੋਂ ਡਰਨਾ ਚਾਹੀਦਾ ਹੈ, ਕਿਉਂਕਿ ਗੁਰਬਾਣੀ ਵੀ ਸਾਨੂੰ ਮਿੱਠਾ ਬੋਲਣ, ਹਲੀਮੀ ਵਿੱਚ ਰਹਿਣ ਦਾ ਸਬਕ ਦਿੰਦੀ ਹੈ। ਪਰ ਅੱਜ ਦੇ ਸਮੇਂ ਵਿੱਚ ਲੋਕਾਂ ਦੇ ਬਹੁਤ ਘੱਟ ਚਿਹਰੇ ਹਨ ਜੋ ਹੱਸਦੇ ਖੇਡਦੇ ਹਨ, ਬੇਲੋੜੀਆਂ ਇਛਾਵਾਂ ਵਧਾ ਵਧਾ ਕੇ ਲੋਕ ਆਪਣੀ ਜ਼ਿੰਦਗੀ ਬੋਝ ਬਣਾ ਚੁੱਕੇ ਹਨ। ਅਸੀਂ ਅਕਸਰ ਸੁਣਦੇ ਹਾਂ ਕਿ ਜੇਕਰ ਕੋਈ ਇਨਸਾਨ ਸਾਡੇ ਕਰਕੇ ਦੁਖੀ, ਉਦਾਸ ਜਾਂ ਨਿਰਾਸ਼ ਹੋ ਰਿਹਾ ਹੈ ਤਾਂ ਉਸਦਾ ਫਲ ਸਾਨੂੰ ਦੇਣਾ ਪੈਂਦਾ ਹੈ। ਇਹ ਧਰਤੀ ਗੋਲ ਹੈ, ਜੋ ਵੀ ਕਰਮ ਕਰਾਂਗੇ ਉਹ ਘੁੰਮ ਘੁੰਮਾ ਕੇ ਸਾਡੇ ਕੋਲ ਵਾਪਿਸ ਜਰੂਰ ਆਉਂਦੇ ਹਨ। ਜੋ ਬੀਜਾਂਗੇ ਉਹ ਸਾਨੂੰ ਹਰ ਹਾਲ ਵੱਢਣਾ ਪਵੇਗਾ। ਹਰ ਦਿਲ ਅੰਦਰ ਪ੍ਰਮਾਤਮਾ ਦਾ ਵਾਸ ਹੈ, ਕਿਸੇ ਦਾ ਦਿਲ ਦੁਖਾਉਣ, ਕਿਸੇ ਨੂੰ ਬੁਰੇ ਸ਼ਬਦ ਬੋਲਣ ਤੋਂ ਪਹਿਲਾਂ ਸੋ ਵਾਰ ਸੋਚੋ। ਕਿਉਂਕਿ ਬੋਲ ਹਮੇਸ਼ਾ ਦਿਲ ਤੇ ਲਿਖੇ ਜਾਂਦੇ ਹਨ, ਜਦੋਂ ਵੀ ਕੌੜੇ ਬੋਲ ਬੋਲਣ ਵਾਲਾ ਵਿਅਕਤੀ ਸਾਡੇ ਸਾਹਮਣੇ ਆਉਂਦਾ ਹੈ ਤਾਂ ਸਾਡੇ ਅੰਦਰ ਲੱਗੇ ਫੱਟ ਰਿਸਣ ਲੱਗਦੇ ਹਨ, ਜਿੰਨਾ ਦੀ ਚੀਸ ਬਹੁਤ ਦੁਖਦਾਈ ਹੁੰਦੀ ਹੈ, ਖਾਸ ਕਰ ਉਦੋਂ ਜਦੋਂ ਇਹ ਫੱਟ ਕੋਈ ਆਪਣਾ ਮਾਰੇ। ਅੱਜ ਬਹੁਤ ਸਾਰੇ



ਹਰਕੀਰਤ ਕੌਰ
97791-18066

ਪਰਿਵਾਰਾਂ ਵਿੱਚ ਹਾਲ ਵੇਖਣ ਨੂੰ ਮਿਲਦਾ ਹੈ ਕਿ ਕਈ ਘਰਾਂ ਦੇ ਬੱਚੇ ਮਾਪਿਆਂ ਦੇ ਕਹਿਣੇ ਤੋਂ ਬਾਹਰ ਹਨ ਅਤੇ ਕਈ ਮਾਪੇ ਅਜਿਹਾ ਤਾਨਾਸ਼ਾਹੀ ਰੂਪ ਧਾਰ ਕੇ ਬੈਠੇ ਹੁੰਦੇ ਹਨ ਕਿ ਉੱਥੇ ਬੱਚਿਆਂ ਦਾ ਜੀਣਾ ਮੁਸ਼ਕਿਲ ਹੋਇਆ ਹੁੰਦਾ ਹੈ, ਹਰ ਚੀਜ਼ ਦੀ ਇੱਕ ਸੀਮਾ ਹੁੰਦੀ ਹੈ ਕੋਈ ਵੀ ਵਰਤਾਓ ਜਦੋਂ ਆਪਣੀ ਹੱਦ ਪਾਰ ਕਰਦਾ ਹੈ ਤਾਂ ਉਹ ਅਸਹਿਣਸ਼ੀਲ ਹੁੰਦਾ ਹੈ। ਯਤਨ ਕਰੋ ਕਿ ਹਰ ਦੁਵਿਧਾ ਦਾ ਹੱਲ ਹਲੀਮੀ ਨਾਲ ਕੱਢਿਆ ਜਾਵੇ ਤਾਂ ਜੋ ਕੌੜੇ ਬੋਲ ਬੋਲਣ ਦੀ ਨੌਬਤ ਨਾ ਆਵੇ।ਮਿੱਠਾ ਬੋਲਣ ਨਾਲ ਤੁਸੀਂ ਕੇਵਲ ਆਪਣੇ ਰਿਸ਼ਤੇ ਹੀ ਨਹੀਂ ਬਚਾ ਸਕੋਗੇ ਬਲਕਿ ਆਪਣੀ ਸ਼ਖਸੀਅਤ ਨੂੰ ਵੀ ਨਿਖਾਰੋਗੇ। ਚੰਗਾ ਬੋਲਣਾ ਸਾਡੀ ਇੱਕ ਵਧੀਆ ਸ਼ਖਸੀਅਤ ਹੋਣ ਦਾ ਨਮੂਨਾ ਹੈ। ਸੋ ਯਤਨ ਰਹੇ ਕਿ ਸਾਡੇ ਮੂੰਹੋਂ ਕੋਈ ਵੀ ਅਜਿਹਾ ਬੋਲ ਨਾ ਨਿਕਲੇ ਜੋ ਕਿਸੇ ਨੂੰ ਦੁਖੀ ਕਰੇ ਅਤੇ ਸਾਡੀ ਸ਼ਖਸੀਅਤ ਉੱਪਰ ਇੱਕ ਨਕਾਰਾਤਮਕ ਪ੍ਰਭਾਵ ਪਾਵੇ।

# ਡਾਲੀ ਨਾਲੋਂ ਤੋੜ ਨਾ ਸਾਨੂੰ

-ਗੁਰਬਿੰਦਰ ਸਿੰਘ ਮਾਣਕ



ਮਹਿਕਾਂ ਬਿਖੇਰਦੇ ਫੁੱਲਾਂ ਦੀ ਅਜੀਬ ਹੋਣੀ ਹੈ। ਕਦੇ ਇਹ ਗਲ਼ ਦਾ ਹਾਰ ਬਣ ਕੇ ਵਿਅਕਤੀ ਦੀ ਸ਼ੋਭਾ ਨੂੰ ਚਾਰ-ਚੰਨ ਲਾਉਂਦੇ ਤੇ ਕਦੇ ਉਦਾਸੀ ਦੇ ਮਾਹੌਲ ਵਿੱਚ ਵਿੱਛੜ ਚੁੱਕੇ ਵਿਅਕਤੀ ਲਈ ਖ਼ਾਮੋਸ਼ ਸ਼ਰਧਾਂਜਲੀ ਬਣ ਜਾਂਦੇ ਹਨ। ਰੰਗ-ਬਿਰੰਗੇ ਫੁੱਲਾਂ ਦਾ ਸੁਹਾਵਣਾ ਅਤੇ ਵਚਿੱਤਰ ਸੰਸਾਰ ਮਨੁੱਖੀ ਮਨ ਦੀਆਂ ਤਰਬਾਂ ਨੂੰ ਛੇੜ ਕੇ ਅਜਿਹੇ ਵਿਸਮਾਦੀ ਪਲ ਪੈਦਾ ਕਰਦਾ ਹੈ, ਜਿਸ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਕਠਿਨ ਹੈ। ਇਸ ਨੂੰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ। ਫੁੱਲਾਂ ਦੇ ਸੰਸਾਰ ਦੀਆਂ ਅਨੇਕਾਂ ਖ਼ੂਬਸੂਰਤ ਵੰਨਗੀਆਂ, ਰੰਗ-ਰੂਪ ਤੇ ਮਹਿਕ ਮਨੁੱਖੀ ਮਨ ਵਿੱਚ ਕੁਦਰਤ ਦੇ ਇਸ ਵਰਤਾਰੇ ਪ੍ਰਤੀ ਅਚੰਭਾ ਪੈਦਾ ਕਰਦੇ ਹਨ। ਕਿਸੇ ਦੀ ਸੁੰਦਰਤਾ ਨੂੰ ਫੁੱਲਾਂ ਨਾਲ ਉਪਮਾ ਦੇ ਕੇ ਅਸਲ ਵਿੱਚ ਇਸੇ ਖ਼ੂਬਸੂਰਤ ਸਿਰਜਣਾ ਨੂੰ ਵਡਿਆਇਆ ਜਾਂਦਾ ਹੈ। ਕਿਸੇ ਸਥਾਨ ਨੂੰ ਸੁਹਾਵਣਾ ਤੇ ਸੁਹਜਮਈ ਬਣਾਉਣ ਵਿੱਚ ਹੁਸੀਨ ਫੁੱਲਾਂ ਦੀ ਹੋਂਦ ਵੱਡੀ ਭੂਮਿਕਾ ਅਦਾ ਕਰਦੀ ਹੈ। ਫੁੱਲਾਂ ਦੀ ਉਮਰ ਭਾਵੇਂ ਪਲਾਂ-ਛਿਣਾਂ ਦੀ ਹੁੰਦੀ ਹੈ, ਪਰ ਇਸ ਛੋਟੀ ਜਿਹੀ ਅਉਧ ਵਿੱਚ ਹੀ ਇਹ ਆਲੇ-ਦੁਆਲੇ ਨੂੰ ਮਹਿਕਾਂ ਵੰਡਦੇ ਆਪਾ ਵਾਰ ਕੇ ਤੁਰ ਜਾਂਦੇ ਹਨ। ਭਾਈ ਵੀਰ ਸਿੰਘ ਨੇ ਫੁੱਲਾਂ ਦੀ ਹੋਣ ਦੀ ਦਰਦਮਈ ਵਿੱਥਿਆ ਨੂੰ ਆਪਣੀ ਇੱਕ ਕਵਿਤਾ ਵਿੱਚ ਇੰਜ ਬਿਆਨ ਕੀਤਾ ਹੈ-

*ਡਾਲੀ ਨਾਲੋਂ ਤੋੜ ਨਾ ਸਾਨੂੰ,*
*ਅਸਾਂ ਹੱਟ ਮਹਿਕ ਦੀ ਲਾਈ।*

ਫੁੱਲ ਵਿਰਾਨ ਥਾਵਾਂ ਨੂੰ ਜ਼ਿੰਦਗੀ ਦੀ ਦਾਤ ਬਖ਼ਸ਼ਣ ਦੀ ਸਮਰੱਥਾ ਰੱਖਦੇ ਹਨ। ਬਗ਼ੀਚੇ ਵਿੱਚ ਖਿੜੇ ਹੋਏ ਅਲੋਕਾਰ ਰੰਗ-ਬਿਰੰਗੇ ਫੁੱਲ ਮਨੁੱਖੀ ਮਨ ਨੂੰ ਸੁਹਜ ਦਾ ਅਹਿਸਾਸ ਤਾਂ ਕਰਾਉਂਦੇ ਹਨ, ਮਨ ਦਾ ਸਕੂਨ ਵੀ ਦਿੰਦੇ ਹਨ। ਜਿਹੜੇ ਘਰ, ਅਦਾਰੇ, ਵਿਦਿਅਕ ਸੰਸਥਾ ਜਾਂ ਪਾਰਕ ਵਿੱਚ ਫੁੱਲ ਖਿੜੇ ਹੋਣ, ਮਨ ਵਿੱਚ ਇਹ ਖ਼ਿਆਲ ਸੁਭਾਵਿਕ ਉਠਦਾ ਹੈ ਕਿ ਜ਼ਰੂਰ ਇੱਥੇ ਕੋਈ ਅਜਿਹਾ ਵਿਅਕਤੀ ਹੈ, ਜਿਸ ਨੂੰ ਜ਼ਿੰਦਗੀ ਦੇ ਅਲੋਕਾਰ ਰੰਗਾਂ ਨਾਲ ਇਸ਼ਕ ਹੈ। ਅਜਿਹੇ ਸਥਾਨ ਵਿੱਚ ਪ੍ਰਵੇਸ਼ ਕਰਦਿਆਂ ਰੂਹ ਨਸ਼ਿਆ ਉਠਦੀ ਤੇ ਮਨ ਫੁੱਲਾਂ ਦੇ ਸੁਹਜ ਨੂੰ ਮਾਨਣ ਲਈ ਤਾਂਘਦਾ ਹੈ। ਸਾਡੇ ਬਹੁਤੇ ਦਫ਼ਤਰਾਂ, ਅਦਾਰਿਆਂ ਤੇ ਵਿਦਿਅਕ ਸੰਸਥਾਵਾਂ ਵਿੱਚ ਇਸ ਪੱਖੋਂ ਬੇਰੌਣਕੀ ਛਾਈ ਹੁੰਦੀ ਹੈ। ਇਨ੍ਹਾਂ ਸਥਾਨਾਂ ਉੱਤੇ ਕੰਮ ਕਰਨ ਵਾਲੇ ਵਿਅਕਤੀਆਂ ਦੇ ਚਿਹਰੇ ਵੀ ਇੰਜ ਲੱਗਦੇ ਹਨ, ਜਿਵੇਂ ਮੁਰਦੇਹਾਣੀ ਛਾਈ ਹੋਵੇ। ਹਰਿਆਵਲਾ ਚਾਰ-ਚੁਫੇਰਾ ਤੇ ਫੁੱਲਾਂ ਨਾਲ ਟਹਿਕਦੇ ਬੂਟੇ ਉਦਾਸ ਚਿਹਰਿਆਂ ਨੂੰ ਖ਼ੁਸ਼ੀਆਂ ਦੀ ਰੰਗਤ ਬਖ਼ਸ਼ਦੇ ਹਨ। ਖ਼ਿੜੇ ਹੋਏ ਫੁੱਲਾਂ ਦੀ ਸਜੀ ਮਹਿਫ਼ਲ ਵਿੱਚ ਵਿਚਰਦਿਆਂ ਮਨ ਵਿੱਚ ਖੇੜਾ ਪਸਰ ਜਾਂਦਾ ਹੈ।

ਪ੍ਰੇਮ ਰੂਪੀ ਪਗਡੰਡੀ ਉੱਤੇ ਤੁਰੇ ਪਾਂਧੀ ਦਿਲ ਦੀ ਵੇਦਨਾ ਦੇ ਪ੍ਰਗਟਾਵੇ ਲਈ ਇੱਕ ਦੂਸਰੇ ਨੂੰ ਫੁੱਲ ਭੇਟ ਕਰਕੇ ਖ਼ਾਮੋਸ਼ੀ ਦੀ ਜ਼ੁਬਾਨ ਵਿੱਚ ਬਹੁਤ ਕੁਝ ਕਹਿ ਜਾਂਦੇ ਹਨ। ਦੁਨੀਆਂ ਭਰ ਵਿੱਚ ਵਿਸ਼ੇਸ਼ ਪ੍ਰਾਹੁਣਿਆਂ ਤੇ ਆਪਣੇ ਪਿਆਰਿਆਂ ਲਈ ਫੁੱਲ ਭੇਟ ਕਰਕੇ ਦਿਨ ਦੇ ਪਿਆਰ ਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਫੁੱਲ ਭੇਟ ਕਰਕੇ ਜਿਵੇਂ ਕੋਈ ਇਹ ਦਰਸਾ ਰਿਹਾ ਹੋਵੇ ਕਿ ਮੇਰੇ ਪਾਸ ਇਸ ਤੋਂ ਕੀਮਤੀ ਕੋਈ ਵਸਤੂ ਨਹੀਂ ਹੈ, ਜਿਹੜੀ ਮੈਂ ਆਪਣੇ ਪਿਆਰੇ ਤੋਂ ਵਾਰ ਸਕਾਂ। 'ਸੱਜਣਾਂ ਨੇ ਫੁੱਲ ਮੰਗਿਆ, ਸਾਰਾ ਬਾਗ਼ ਹਵਾਲੇ ਕੀਤਾ' ਕਹਿਣ ਵਾਲਾ ਵੀ ਫੁੱਲਾਂ ਦੇ ਇਸ਼ਕ ਵਿੱਚ ਰੰਗੀ ਕੋਈ ਅਜਿਹੀ ਪ੍ਰੇਮ-ਪਰੁਚੀ ਰੂਹ ਹੋਣੀ ਹੈ, ਜੋ ਮੁਹੱਬਤ ਦੇ ਸੰਦਲੀ ਰਾਹਾਂ ਉੱਤੇ ਤੁਰੀ ਕਿਸੇ ਸੋਹਲ ਕਲੀ ਉਤੇ ਸਭ ਕੁਝ ਨਿਛਾਵਰ ਕਰਨ ਲਈ ਤਿਆਰ ਹੋ ਗਈ ਹੋਵੇਗੀ। ਸਵੇਰੇ ਸਵੇਰੇ ਤਰੇਲ ਭਿੱਜੇ ਸੁੱਚੇ ਫੁੱਲਾਂ ਦਾ ਬੁੱਕ ਭਰ ਕੇ ਸ਼ਰਧਾਵਾਨ ਆਪਣੇ ਇਸ਼ਟ ਅੱਗੇ ਨਤ ਮਸਤਕ ਹੁੰਦੇ ਹਨ। ਕਿਸੇ ਧਾਰਮਿਕ ਅਸਥਾਨ ਵਿੱਚ ਭੇਟ ਕੀਤੇ ਅਜਿਹੇ ਫੁੱਲਾਂ ਦਾ ਪ੍ਰਸ਼ਾਦ ਪ੍ਰਾਪਤ ਕਰਕੇ ਵੀ ਪ੍ਰਭੂ-ਪਿਆਰੇ ਧੰਨ-ਭਾਗ ਸਮਝਦੇ ਹਨ। ਗੁਲਾਬ ਨੂੰ ਫੁੱਲਾਂ ਦਾ ਰਾਜਾ ਕਿਹਾ ਜਾਂਦਾ ਹੈ। ਫੁੱਲਾਂ ਦੇ ਵਿਲੱਖਣ ਸੰਸਾਰ ਵਿੱਚ ਅਨੇਕਾਂ ਰੰਗਾਂ ਤੇ ਕਿਸਮਾਂ ਦੇ ਫੁੱਲ ਹਨ, ਪਰ ਗੁਲਾਬ ਦੇ ਹੁਸਨ ਦੀ ਆਭਾ ਹੀ ਵੱਖਰੀ ਹੈ। 'ਗੁੱਝੀ ਰਹੇ ਨਾਂ ਹੀਰ ਹਜ਼ਾਰ ਵਿੱਚੋਂ' ਦੇ ਕਥਨ ਅਨੁਸਾਰ ਗੁਲਾਬ ਹਰ ਕਿਸੇ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਸਮਰੱਥਾ ਰੱਖਦਾ ਹੈ। ਕਿਸੇ ਉਤੇ ਫੁੱਲਾਂ ਦੀ ਵਰਖਾ ਕਰਨੀ ਤੇ ਉਸ ਦੇ ਰਾਹਾਂ ਵਿੱਚ ਫੁੱਲ ਵਿਛਾਉਣੇ, ਉਸ ਪ੍ਰਤੀ ਪ੍ਰਗਟਾਏ ਮੋਹ ਅਤੇ ਸਤਿਕਾਰ ਦੀ ਸਿਖ਼ਰ ਹੁੰਦੀ ਹੈ। ਕਿਸੇ ਵੀ ਖ਼ੁਸ਼ੀ ਭਰੇ ਮੌਕੇ ਉਤੇ ਫੁੱਲ ਮੌਕੇ ਦੀ ਨਜ਼ਾਕਤ ਨੂੰ ਚਾਰ-ਚੰਨ ਲਾ ਦਿੰਦੇ ਹਨ। ਵਿਆਹ-ਸ਼ਾਦੀ ਸਮੇਂ ਫੁੱਲਾਂ ਨਾਲ ਸਜਾਈ ਲਾੜੇ ਵਾਲੀ ਕਾਰ ਦੀ ਖ਼ੂਬਸੂਰਤਤੀ ਤਾਂ ਬਸ ਦੇਖਿਆ ਹੀ ਬਣਦੀ ਹੈ। ਜਨਮ ਦਿਨ, ਵਿਆਹ, ਸੇਵਾ-ਮੁਕਤੀ ਅਤੇ ਜ਼ਿੰਦਗੀ ਦੇ ਕਿਸੇ ਖੇਤਰ ਵਿੱਚ ਵੀ ਕਿਸੇ ਵਿਸ਼ੇਸ਼ ਪ੍ਰਾਪਤੀ ਸਮੇਂ ਫੁੱਲਾਂ ਦੇ ਹਾਰ ਗਲ ਵਿੱਚ ਪਾ ਕੇ ਸਨਮਾਨ ਦਿੱਤਾ ਜਾਂਦਾ ਹੈ। ਸੰਸਾਰ ਭਰ ਵਿੱਚ ਹੀ ਕਿਸੇ ਵਿਸ਼ੇਸ਼ ਸ਼ਖ਼ਸੀਅਤ ਨੂੰ ਫੁੱਲਾਂ ਦੇ ਬੁੱਕੇ ਭੇਟ ਕਰਕੇ ਮਾਣ ਦੇਣ ਦੀ ਰਵਾਇਤ ਹੈ। ਕਿਸੇ ਖ਼ਾਸ ਵਿਅਕਤੀ ਦੇ ਅਕਾਲ ਚਲਾਣਾ ਕਰਨ ਉੱਤੇ ਵੀ ਫੁੱਲਾਂ ਨਾਲ ਹੀ ਉਸ ਵਿਅਕਤੀ ਪ੍ਰਤੀ ਆਪਣੇ ਸਨੇਹ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਬਹੁਤੇ ਥਾਈਂ ਨਕਲੀ ਫੁੱਲ ਵਰਤੇ ਜਾਂਦੇ ਹਨ, ਪਰ ਅਸਲੀ ਫੁੱਲਾਂ ਦੀ ਆਭਾ ਹੀ ਵੱਖਰੀ ਹੁੰਦੀ ਹੈ।

ਜਦੋਂ ਵੀ ਟਾਹਣੀ ਉੱਤੇ ਕੋਈ ਫੁੱਲ ਖ਼ਿੜਦਾ ਹੈ ਤਾਂ ਉਸ ਦੀ ਉਮਰ ਪਲਾਂ-ਛਿਣਾਂ ਦੀ ਹੁੰਦੀ ਹੈ। ਜਾਂ ਉਸ ਨੇ ਆਪਣੇ ਸੁਹਜ ਦਾ ਜਲੌਅ ਦਿਖਾ ਕੇ ਤੇ ਮਹਿਕਾਂ ਬਿਖੇਰ ਕੇ ਛੇਤੀ ਹੀ ਪੱਤੀ ਪੱਤੀ ਕਰਕੇ ਬਿਖ਼ਰ ਜਾਣਾ ਹੁੰਦਾ ਹੈ, ਜਾਂ ਕਿਸੇ ਜ਼ਾਲਮ ਹੱਥਾਂ ਦੁਆਰਾ ਤੋੜ ਕੇ ਕਿਸੇ ਦੀ ਖ਼ੁਸ਼ੀ ਖਾਤਰ ਕੁਰਬਾਨ ਹੋ ਜਾਣਾ ਹੁੰਦਾ ਹੈ। ਫੁੱਲਾਂ ਦੀ ਹੋਣੀ ਅਜੀਬ ਹੈ, ਕਦੇ ਉਹ ਕਿਸੇ ਦੇ ਗਲੇ ਦਾ ਹਾਰ ਬਣਦੇ ਹਨ, ਕਦੇ ਉਹ ਮਹਿਬੂਬਾਂ ਦੀਆਂ ਜ਼ੁਲਫਾਂ ਦਾ ਸ਼ਿੰਗਾਰ ਬਣ ਉਸ ਦੇ ਹੁਸਨ ਨੂੰ ਚਾਰ-ਚੰਨ ਲਾਉਂਦੇ ਹਨ, ਕਦੇ ਕਿਸੇ ਸ਼ਰਧਾਵਾਨ ਵੱਲੋਂ ਆਪਣੇ ਇਸ਼ਟ ਦੇ ਸਨਮੁੱਖ ਭੇਟ ਹੋਣ ਦਾ ਮਾਣ ਹਾਸਲ ਕਰਦੇ ਹਨ ਤੇ ਕਦੇ ਵਿਛੋੜਾ ਦੇ ਗਏ ਮਨੁੱਖ ਦੇ ਸਰੀਰ ਉੱਤੇ ਸ਼ਰਧਾਂਜਲੀ ਬਣ ਬਿਖ਼ਰ ਜਾਂਦੇ ਹਨ। ਸ਼ਰਧਾਵਾਨਾਂ ਵੱਲੋਂ ਗੁਰੂਆਂ ਪੀਰਾਂ ਦੇ ਦਿਨ ਮਨਾਉਂਦੇ ਸਮੇਂ ਫੁੱਲਾਂ ਦੀ ਵੱਡੇ ਪੱਧਰ ਉੱਤੇ ਵਰਤੋਂ ਕੀਤੀ ਜਾਂਦੀ ਹੈ। ਖ਼ਾਸ ਤੌਰ ਉੱਤੇ ਨਗਰ ਕੀਰਤਨਾਂ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਤੇ ਰਸਤਿਆਂ ਉਤੇ ਫੁੱਲ ਵਰਸਾਏ ਜਾਂਦੇ ਹਨ। ਹਰ ਧਰਮ ਦੇ ਪੈਰੋਕਾਰ ਆਪਣੇ ਇਸ਼ਟ ਨੂੰ ਸਮਰਪਿਤ ਹੋਣ ਲਈ ਤਾਜ਼ੇ ਤੇ ਸੁੱਚੇ ਫੁੱਲ ਅਰਪਿਤ ਕਰਦੇ ਹਨ। ਦੁਖਦਾਈ ਸਥਿਤੀ ਉਦੋਂ ਬਣਦੀ ਹੈ ਜਦੋਂ ਇਹ ਕੋਮਲ ਫੁੱਲ ਲੋਕਾਂ ਦੇ ਪੈਰਾਂ ਥੱਲੇ ਮਧੋਲੇ ਜਾਂਦੇ ਹਨ। ਕਿਸੇ ਡਾਲੀ ਉਤੇ ਖਿੜ ਕੇ ਮਹਿਕਾਂ ਦੀ ਹੱਟ ਲਾਉਣ ਵਾਲੇ ਫੁੱਲਾਂ ਦਾ ਇਹ ਹਸ਼ਰ ਬਹੁਤ ਕਰੁਣਾਮਈ ਹੈ। ਬੱਚਿਆਂ ਦੀ ਮਾਸੂਮੀਅਤ ਅਤੇ ਨਾਜ਼ੁਕਤਾ ਕਾਰਨ ਉਨ੍ਹਾਂ ਦੀ ਤੁਲਨਾ ਅਕਸਰ ਫੁੱਲਾਂ ਨਾਲ ਕੀਤੀ ਜਾਂਦੀ ਹੈ, ਜਿਵੇਂ ਫੁੱਲ ਛੇਤੀ ਕੁਮਲਾ ਜਾਂਦੇ ਹਨ, ਉਵੇਂ ਹੀ ਮਸੂਮ ਜਿੰਦਾਂ ਦੇ ਚਿਹਰੇ ਵੀ ਥੋੜ੍ਹੀ ਜਿਹੀ ਝਿੜਕ ਨਾਲ ਕੁਮਲਾ ਜਾਂਦੇ ਹਨ।

ਕਹਿੰਦੇ ਹਨ ਜਾਪਾਨੀ ਫੁੱਲਾਂ ਦੇ ਬਹੁਤ ਆਸ਼ਕ ਹਨ। ਉਨ੍ਹਾਂ ਦਾ ਕੋਈ ਘਰ, ਦਫ਼ਤਰ ਜਾਂ ਅਦਾਰਾ ਫੁੱਲਾਂ ਤੋਂ ਬਿਨਾਂ ਕਿਆਸਿਆ ਨਹੀਂ ਜਾ ਸਕਦਾ। ਬਾਗ਼-ਬਗ਼ੀਚਿਆਂ ਵਿੱਚ ਵਿਚਰਦਿਆਂ ਉਹ ਕਿਸੇ ਨੂੰ ਸ਼ੋਰ ਨਹੀਂ ਕਰਨ ਦਿੰਦੇ। ਉਨ੍ਹਾਂ ਦਾ ਵਿਚਾਰ ਹੈ ਕਿ ਇਸ ਤਰ੍ਹਾਂ ਫੁੱਲ ਮੁਰਝਾ ਜਾਂਦੇ ਹਨ।

ਅਜੋਕੇ ਸਮਿਆਂ ਵਿੱਚ ਫੁੱਲਾਂ ਦਾ ਵਪਾਰ ਹੋਣ ਲੱਗ ਪਿਆ ਹੈ। ਛੋਟੇ ਵੱਡੇ ਸ਼ਹਿਰਾਂ ਵਿੱਚ ਹਰ ਰੋਜ਼ ਹਜ਼ਾਰਾਂ ਟਨ ਫੁੱਲ ਵਿਕਦੇ ਹਨ। ਆਧੁਨਿਕ ਸਮੇਂ ਵਿੱਚ ਮਨੁੱਖੀ ਜੀਵਨ ਵਿੱਚ ਫੁੱਲਾਂ ਦੀ ਮੰਗ ਲਗਾਤਾਰ ਵਧਣ ਨਾਲ ਫੁੱਲਾਂ ਦਾ ਵਪਾਰ ਬਹੁਤ ਵੱਡੀ ਪੱਧਰ ਉੱਤੇ ਹੋਣ ਲੱਗ ਪਿਆ ਹੈ। ਫੁੱਲਾਂ ਦੀ ਇਹ ਸਨਅਤ ਕਰੋੜਾਂ ਰੁਪਏ ਦਾ ਵਪਾਰ ਕਰਦੀ ਹੈ। ਵਿਆਹ-ਸ਼ਾਦੀਆਂ ਦੇ ਮੌਸਮ, ਤਿਉਹਾਰਾਂ ਤੇ ਵੈਲੇਨਟਾਈਨ ਡੇ ਆਦਿ ਦੇ ਦਿਨਾਂ ਵਿੱਚ ਫੁੱਲਾਂ ਦੀ ਮੰਗ ਏਨੀ ਵਧ ਜਾਂਦੀ ਹੈ ਕਿ ਮਾਰਕੀਟ ਵਿੱਚ ਫੁੱਲਾਂ ਦੀ ਖੇਤੀ ਕਰਕੇ ਚੰਗਾ ਮੁਨਾਫ਼ਾ ਕਮਾ ਰਹੇ ਹਨ। ਕਿਹਾ ਜਾ ਸਕਦਾ ਹੈ ਕਿ ਸਮਿਆਂ ਦੀ ਤੋਰ ਨੇ ਕੋਮਲ ਅਤੇ ਨਾਜ਼ੁਕ ਜਿਹੇ ਫੁੱਲਾਂ ਨੂੰ ਵੀ ਮੰਡੀ ਦਾ ਮਾਲ ਬਣਾ ਦਿੱਤਾ ਹੈ।

ਭਾਰਤ ਵਿੱਚ ਹਰ ਥਾਂ ਗੰਦਗੀ ਦੇ ਢੇਰਾਂ ਦਾ ਬੋਲਬਾਲਾ ਹੈ। ਸ਼ਹਿਰੀ ਖੇਤਰਾਂ ਵਿੱਚ ਕੂੜਾ-ਕਰਕਟ ਦੇ ਲਗਾਤਾਰ ਵਧ ਰਹੇ ਢੇਰ ਗੰਭੀਰ ਸਮੱਸਿਆ ਦਾ ਰੂਪ ਧਾਰ ਚੁੱਕੇ ਹਨ। ਅਜਿਹੇ ਵਿੱਚ ਫੁੱਲਾਂ ਦੀ ਗੱਲ ਕਰਨੀ ਫੁੱਲਾਂ ਨਾਲ ਮਜ਼ਾਕ ਹੈ। ਹਰ ਫੁੱਲ ਦੂਜਿਆਂ ਲਈ ਆਪਾਂ ਕੁਰਬਾਨ ਕਰਨ ਦਾ ਸੁਨੇਹਾ ਦਿੰਦਾ ਹੈ। ਅਸੀਂ ਫੁੱਲਾਂ ਦੀ ਪੱਤੀ ਪੱਤੀ ਵਲੂੰਧਰ ਦੇਂਦੇ ਹਾਂ। ਪ੍ਰਸਿੱਧ ਸ਼ਾਇਰ ਸਰਦਾਰ ਪੰਛੀ ਵੀ ਫੁੱਲਾਂ ਦੀ ਅਜਿਹੀ-ਦੁਰਦਸ਼ਾ ਪ੍ਰਤੀ ਸਭ ਨੂੰ ਸੁਚੇਤ ਕਰਦਿਆਂ ਕਹਿੰਦੇ ਹਨ-

*ਯੇਹ ਭੀ ਪੀਤੇ ਹੈਂ ਰਾਤ ਭਰ ਸ਼ਬਨਮ*
*ਲਿਖ ਲੋ ਰਿੰਦੋ ਮੇਂ ਨਾਮ ਫੂਲੋਂ ਕਾ।*
*ਦੇਵਤਾ ਖੁਸ਼ ਨਾ ਹੋਗੇ ਫੂਲੋਂ ਸੇ,*
*ਮਤ ਕਰੋ ਕਤਲੇਆਮ ਫੂਲੋਂ ਕਾ।*

## ਬਜ਼ੁਰਗ ਔਰਤ ਨੂੰ ਬੰਦੀ ਬਣਾ ਕੇ ਰਾਡ ਨਾਲ ਕੁੱਟਿਆ ਅਤੇ ਨਕਦੀ ਤੇ ਗਹਿਣੇ ਲੁੱਟੇ



ਮੋਗਾ, 18 ਮਈ (ਪੋਸਟ ਬਿਊਰੋ)- ਕੱਲ੍ਹ ਅੱਧੀ ਰਾਤ ਪਿੱਛੋਂ ਪੰਜ ਜਣੇ ਘਰ ਦੀ ਕੰਧ ਟੱਪ ਕੇ ਅੰਦਰ ਆਏ ਅਤੇ ਬਜ਼ੁਰਗ ਔਰਤ ਨੂੰ ਬੰਨ੍ਹ ਕੇ ਉਸ ਦੇ ਮੂੰਹ ਵਿੱਚ ਕੱਪੜਾ ਤੁੰਨ ਕੇ ਲੋਹੇ ਦੀ ਰਾਡ ਨਾਲ ਕੁੱਟਿਆ ਅਤੇ ਪੁੜਪੁੜੀ ਉੱਤੇ ਰਿਵਾਲਵਰ ਤਾਣਦੇ ਹੋਏ ਗੋਲੀ ਮਾਰਨ ਦੀ ਧਮਕੀ ਦੇ ਕੇ 11 ਲੱਖ ਰੁਪਏ, ਵੀਹ ਤੋਲੇ ਸੋਨਾ, ਡਾਇਮੰਡ ਦਾ ਸੈਟ, ਇੱਕ ਕਿਲੋ ਚਾਂਦੀ ਤੇ ਨਕਦੀ ਚੋਰੀ ਕਰ ਕੇ ਫਰਾਰ ਹੋ ਗਏ। ਔਰਤ ਨੇ ਖੁਦ ਨੂੰ ਮੁਕਤ ਕੀਤਾ ਤੇ ਦੂਸਰੇ ਕਮਰੇ ਵਿੱਚ ਸੁੱਤੇ ਬੇਟੇ ਨੂੰ ਉਠਾਇਆ ਅਤੇ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਨੇ ਪੰਜ ਜਣਿਆਂ ਖਿਲਾਫ ਕੇਸ ਦਰਜ ਕਰ ਕੇ ਤਿੰਨ ਜਣਿਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਤੋਂ ਚੋਰੀ ਦਾ ਕੁਝ ਸਾਮਾਨ ਬਰਾਮਦ ਕਰ ਲਿਆ ਹੈ।

ਏ ਐਸ ਆਈ ਸਿਕੰਦਰ ਸਿੰਘ ਨੇ ਦੱਸਿਆ ਕਿ ਸ਼ਹਿਰ ਦੇ ਨਿਊ ਹਾਕਮ ਦਾ ਅਗਵਾੜ ਵਾਸੀ 65 ਸਾਲਾ ਊਸ਼ਾ ਪੱਬੀ ਨੇ ਦੱਸਿਆ ਕਿ 13 ਮਈ ਦੀ ਰਾਤ ਚੋਰ ਕੰਧ ਟੱਪ ਕੇ ਕਮਰੇ ਵਿੱਚ ਵੜੇ ਅਤੇ ਮੈਨੂੰ ਬੰਨ੍ਹ ਕੇ ਮੂੰਹ ਵਿੱਚ ਕੱਪੜਾ ਤੁੰਨ ਦਿੱਤਾ। ਇਸ ਦੇ ਬਾਅਦ ਲੋਹੇ ਦੀ ਰਾਡ ਨਾਲ ਕੁੱਟਿਆ। ਪੁਲਸ ਨੇ ਬੂਟਾ ਸਿੰਘ, ਲਖਬੀਰ ਸਿੰਘ, ਮਿੱਠੂ ਵਾਸੀ ਪੁਲੀਵਾਲਾ ਮੁਹੱਲਾ ਅਮਰਜੀਤ ਸਿੰਘ ਅਤੇ ਕਾਲੂ ਵਾਸੀ ਮੋਗਾ ਦੇ ਖਿਲਾਫ ਕੇਸ ਦਰਜ ਕੀਤਾ ਹੈ।

ਇਸ ਦੌਰਾਨ ਮੋਗਾ ਨਿਊ ਟਾਊਨ ਵਾਸੀ ਅਸ਼ੋਕ ਬਾਂਸਲ ਨੇ ਦੱਸਿਆ ਕਿ 13 ਮਈ ਨੂੰ ਰਿਸ਼ਤੇਦਾਰੀ ਵਿੱਚ ਵਿਆਹ ਹੋਣ ਕਾਰਨ ਉਹ ਮੋਹਾਲੀ ਵਿੱਚ ਪਰਵਾਰ ਸਮੇਤ ਗਿਆ ਸੀ। 14 ਨੂੰ ਵਾਪਸ ਮੁੜਿਆ ਤਾਂ ਘਰ ਦੇ ਤਾਲੇ ਟੁੱਟੇ ਹੋਏ ਹਨ ਅਤੇ ਸੱਤ ਤੋਲੇ ਸੋਨਾ 122000 ਰੁਪਏ, 7200 ਕੈਨੇਡੀਅਨ ਡਾਲਰ, 2200 ਯੂ ਐਸ ਡਾਲਰ ਚੋਰ ਲੈ ਗਏ। ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਤਾਂ ਪੁਲਸ ਨੇ ਘਰ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਦੀ ਫੁਟੇਜ ਵੇਖ ਕੇ ਸੰਦੀਪ ਸਿੰਘ ਵਾਸੀ ਬਗਿਆਨਾ ਬਸਤੀ ਨੂੰ ਗ੍ਰਿਫਤਾਰ ਕਰ ਕੇ ਘਰ ਵਿੱਚੋਂ ਚੋਰੀ ਕੀਤਾ ਸਾਮਾਨ ਬਰਾਮਦ ਕਰ ਲਿਆ ਗਿਆ ਹੈ।

## ਬੀਬੀ ਜਗੀਰ ਕੌਰ ਉਤੇ ਸ਼੍ਰੋਮਣੀ ਕਮੇਟੀ ਵਿੱਚ ਮੁਲਜ਼ਮ ਸਿੱਧੇ ਭਰਤੀ ਕਰਨ ਦਾ ਦੋਸ਼




ਅੰਮ੍ਰਿਤਸਰ, 18 ਮਈ (ਪੋਸਟ ਬਿਊਰੋ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਦੇ ਇੱਕ ਮੈਂਬਰ ਸੰਤ ਚਰਨਜੀਤ ਸਿੰਘ ਜੱਸੋਵਾਲ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਉੱਤੇਦੋ ਦਰਜਨ ਤੋਂ ਵੱਧ ਮੁਲਾਜ਼ਮਾਂ ਦੀ ਸਿੱਧੀ ਭਰਤੀ ਕਰ ਕੇ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਲਾਏ ਹਨ।

ਇਸ ਬਾਰੇ ਇੱਕ ਬਿਆਨ ਵਿੱਚ ਸੰਤ ਚਰਨਜੀਤ ਸਿੰਘ ਜੱਸੋਵਾਲ ਨੇ ਦੋਸ਼ ਲਾਇਆ ਕਿ ਇਨ੍ਹਾਂ ਭਰਤੀਆਂ ਲਈ ਐਗਜ਼ੈਕਟਿਵ ਤੋਂ ਮਨਜ਼ੂਰੀ ਲੈਣੀ ਤਾਂ ਦੂਰ, ਜਾਣਕਾਰੀ ਤੱਕ ਨਹੀਂ ਦਿੱਤੀ ਗਈ ਅਤੇ ਨਾ ਇਸ ਭਰਤੀ ਲਈ ਅਖਬਾਰਾਂ ਨੂੰ ਕੋਈ ਇਸ਼ਤਿਹਾਰ ਦਿੱਤਾ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਿੱਧੀ ਭਰਤੀ ਕੀਤੇ ਮੁਲਾਜ਼ਮਾਂ ਵਿੱਚ ਬਹੁਤੇ ਤਾਂ ਪ੍ਰਧਾਨ ਦੇ ਨੇੜਲੇ ਅਧਿਕਾਰੀਆਂ ਦੇ ਰਿਸ਼ਤੇਦਾਰ ਹਨ। ਜੱਸੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇੱਕ ਪਾਸੇ ਫੰਡ ਦੀ ਕਮੀ ਦਾ ਬਹਾਨਾ ਬਣਾ ਕੇ ਆਪਣੇ ਮੁਲਾਜ਼ਮਾਂ ਦੇ ਮਕਾਨ ਦੇ ਕਿਰਾਏ ਅਤੇ ਮੈਡੀਕਲ ਸਹੂਲਤਾਂ ਆਦਿ ਵਿੱਚ ਕਟੌਤੀ ਕੀਤੀ ਗਈ ਤੇ ਦੂਜੇ ਪਾਸੇ ਅਜਿਹੀ ਸਿੱਧੀ ਭਰਤੀ ਕਰ ਕੇ ਗੁਰੂ ਦੇ ਖਜ਼ਾਨੇ ਉੱਤੇ ਬੇਲੋੜਾ ਬੋਝ ਪਾਇਆ ਗਿਆ ਹੈ। ਉਨ੍ਹਾਂ ਨੇ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਭੱਤਿਆਂ ਵਿੱਚ ਵਾਧਾ ਕਰਨ ਦੀ ਮੰਗ ਕੀਤੀ।

ਅੰਤ੍ਰਿੰਗ ਕਮੇਟੀ ਮੈਂਬਰ ਨੇ ਸੰਸਥਾ ਦੇ ਪ੍ਰਬੰਧਕੀ ਕੰਮਾਂ ਤੇ ਵਿਵਸਥਾ ਵਿੱਚ ਪਾਰਦਰਸ਼ਤਾ ਲਿਆਉਣ ਦੀ ਲੋੜ ਉੱਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਨਿਯਮਾਂ ਖਿਲਾਫ ਭਰਤੀ ਕੀਤੇ ਇਨ੍ਹਾਂ ਮੁਲਾਜ਼ਮਾਂ ਦੀ ਨਿਯੁਕਤੀ ਨੂੰ ਤੁਰੰਤ ਰੱਦ ਕੀਤਾ ਜਾਵੇ, ਨਹੀਂ ਤਾਂ ਆਉਣ ਵਾਲੀ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ ਵਿੱਚ ਹੋਰਨਾਂ ਮੈਂਬਰਾਂ ਨੂੰ ਨਾਲ ਲੈ ਕੇ ਇਹ ਮੁੱਦਾ ਜ਼ੋਰ ਨਾਲ ਉਠਾਇਆ ਜਾਵੇਗਾ। ਦੂਜੇ ਪਾਸੇ ਬੀਬੀ ਜਗੀਰ ਕੌਰ ਨੇ ਕਿਹਾ ਕਿ ਇਸ ਵਿੱਚ ਕੋਈ ਬੇਨਿਯਮੀ ਨਹੀਂ ਕੀਤੀ ਗਈ।

## ਮੰਤਰੀ ਚਰਨਜੀਤ ਸਿੰਘ ਚੰਨੀ ਖ਼ਿਲਾਫ਼ 'ਮੀ-ਟੂ' ਵਾਲਾ ਮੁੱਦਾ ਫਿਰ ਭਖਿਆ



ਚੰਡੀਗੜ੍ਹ, 18 ਮਈ (ਪੋਸਟ ਬਿਊਰੋ)- ਪੰਜਾਬ ਦੇ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਦੀਆਂ ਮੁਸ਼ਕਿਲਾਂ ਵੀ ਵਧਣ ਲੱਗੀਆਂ ਦਿਖਾਈ ਦੇਂਦੀਆਂ ਹਨ। ਕੱਲ੍ਹ ਅਚਾਨਕ ਮੰਤਰੀ ਚੰਨੀ ਦੇ ਖ਼ਿਲਾਫ਼ ਇੱਕ ਮਹਿਲਾ ਅਫਸਰ ਨੂੰ ਭੇਜੇ ਗਏ ਅਸ਼ਲੀਲ ਸੰਦੇਸ਼ ਦਾ ਪੁਰਾਣਾ ਕੇਸ ਦੁਬਾਰਾ ਸੁਰਖੀਆਂ ਵਿੱਚ ਆ ਗਿਆ। ਪੰਜਾਬ ਸਟੇਟ ਵੂਮੈਨ ਕਮਿਸ਼ਨ ਦੀ ਚੇਅਰਪਰਸਨ ਮੁਨੀਸ਼ਾ ਗੁਲਾਟੀ ਨੇ ਐਲਾਨ ਕੀਤਾ ਕਿ ਜੇ ਸਰਕਾਰ ਨੇ ਮਹਿਲਾ ਅਧਿਕਾਰੀ ਨਾਲ ਹੋਈ ਘਟਨਾ ਬਾਰੇ ਅਗਲੇ ਇੱਕ ਹਫ਼ਤੇ ਵਿੱਚਵੀ ਕੋਈ ਜਵਾਬ ਨਾ ਦਿੱਤਾ ਤਾਂ ਉਹ ਸਰਕਾਰ ਦੇ ਖਿਲਾਫ ਭੁੱਖ ਹੜਤਾਲ ਉੱਤੇ ਬੈਠ ਜਾਣਗੇ।ਇਸ ਬਾਰੇ ਉਨ੍ਹਾਂ ਨੂੰ ਇਸ ਲਈ ਭੁੱਖ ਹੜਤਾਲ ਦੇ ਲਈ ਮਜ਼ਬੂਰ ਹੋਣਾ ਪਿਆ ਹੈ ਕਿਇੱਕ ਹਫ਼ਤੇ ਤੋਂ ਪੰਜਾਬ ਦੇ ਕੁਝ ਸੀਨੀਅਰ ਆਈ ਏ ਐਸ ਅਫਸਰ ਸਿੱਧੇ ਤੌਰ ਉੱਤੇ ਉਨ੍ਹਾਂ ਖਿਲਾਫ ਨਿਸ਼ਾਨਾ ਲਾ ਰਹੇ ਹਨ। ਇਨ੍ਹਾਂ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਮਿਸ਼ਨ ਵੱਲੋਂ ਮੰਤਰੀ ਦੇ ਖ਼ਿਲਾਫ਼ ਕਾਰਵਾਈ ਨਾ ਕਰਨ ਕਰਕੇ ਹੀ ਮਹਿਲਾ ਅਧਿਕਾਰੀ ਡਿਪ੍ਰੈਸ਼ਨ ਵਿੱਚ ਚਲੀ ਗਈਹੈ।

ਮੁਨੀਸ਼ਾ ਗੁਲਾਟੀ ਨੇ ਕਿਹਾ ਕਿ ਵੂਮੈਨ ਕਮਿਸ਼ਨ ਦੀ ਚੇਅਰਪਰਸਨ ਵਜੋਂ ਉਹ ਇਹ ਦੋਸ਼ ਬਰਦਾਸ਼ਤ ਨਹੀਂ ਕਰ ਸਕਦੀ ਅਤੇ ਉਹ ਵੀ ਓਦੋਂ, ਜਦੋਂ ਉਹ ਇੱਕ ਵਾਰੀ ਵੀ ਮੰਤਰੀ ਚੰਨੀ ਨੂੰ ਨਹੀਂ ਮਿਲੀ, ਇਸ ਲਈ ਉਨ੍ਹਾਂ ਨੇ ਸਰਕਾਰ ਨੂੰ ਇੱਕ ਹਫ਼ਤੇ ਦਾ ਅਲਟੀਮੇਟਮ ਦਿੱਤਾ ਹੈ। ਉਨ੍ਹਾ ਕਿਹਾ ਕਿ ਪਿਛਲੇ ਸਮੇਂ ਦੌਰਾਨ ਇਸ ਕੇਸ ਦੀਆਂ ਫਾਈਲਾਂ ਦੱਬੇ ਰਹਿਣ ਦਾ ਕਾਰਨ ਇਹੀ ਹੈ ਕਿ ਮਹਿਲਾ ਅਧਿਕਾਰੀ ਨੇ ਕਮਿਸ਼ਨ ਨੂੰ ਲਿਖਤੀ ਸ਼ਿਕਾਇਤ ਨਹੀਂ ਦਿੱਤੀ ਸੀ। ਕਮਿਸ਼ਨ ਨੇ ਖ਼ੁਦ ਹੀ 2018 ਵਿੱਚ ਮਹਿਲਾ ਅਧਿਕਾਰੀ ਨੂੰ ਮੰਤਰੀ ਚੰਨੀ ਵੱਲੋਂ ਅਸ਼ਲੀਲ ਸੰਦੇਸ਼ ਭੇਜਣ ਦੀਆਂ ਖ਼ਬਰਾਂ ਕਾਰਨ ਇਸ ਦਾ ਨੋਟਿਸ ਲੈਂਦੇ ਹੋਏ ਕਾਰਵਾਈ ਦੀ ਪਹਿਲ ਕੀਤੀ ਅਤੇ ਸਰਕਾਰ ਤੋਂ ਜਵਾਬ ਮੰਗਿਆ ਸੀ। ਇਸ ਦੌਰਾਨ ਕਿਹਾ ਗਿਆ ਕਿ ਮੰਤਰੀ ਨੇ ਮੁਆਫ਼ੀ ਮੰਗ ਲਈ ਅਤੇ ਕੇਸ ਰਫਾ-ਦਫਾ ਹੋ ਗਿਆ ਹੈ। ਬਾਅਦ ਵਿੱਚ ਕਮਿਸ਼ਨ ਨੇ ਇਸ ਉੱਤੇ ਕੋਈ ਰਿਮਾਈਂਡਰ ਨਹੀਂ ਦਿੱਤਾ, ਪਰ ਕਮਿਸ਼ਨ ਦੀ ਭੂਮਿਕਾ ਉੱਤੇ ਸਵਾਲ ਉਠਣ ਨਾਲ ਉਨ੍ਹਾਂ ਨੂੰ ਸਰਕਾਰ ਤੋਂ ਜਵਾਬ ਮੰਗਣ ਲਈ ਭੁੱਖ ਹੜਤਾਲ ਉੱਤੇ ਬੈਠਣ ਦੇ ਲਈ ਮਜਬੂਰ ਹੋਣਾ ਪੈ ਰਿਹਾ ਹੈ। ਮੁਨੀਸ਼ਾ ਗੁਲਾਟੀ ਨੇ ਕਿਹਾ ਕਿ ਉਹ ਇਸ ਕੇਸ ਵਿੱਚ ਕਾਂਗਰਸ ਹਾਈ ਕਮਾਂਡ ਕੋਲ ਪਹੁੰਚ ਕਰ ਸਕਦੇ ਹਨ ਜਾਂ ਕਾਨੂੰਨੀ ਰਾਹ ਫੜ ਸਕਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਸਰਕਾਰ ਦੀ ਆਪਸੀ ਖਿੱਚੋਤਾਣ ਜਾਂ ਕਿਸੇ ਦਾ ਕਿਸੇ ਨਾਲ ਭੇੜ ਹੋਣ ਨਾਲ ਕੋਈ ਲੈਣਾ-ਦੇਣਾ ਨਹੀਂ, ਕਮਿਸ਼ਨ 10 ਸਾਲ ਪੁਰਾਣੇ ਕੇਸ ਵੀ ਦੁਬਾਰਾ ਖੋਲ੍ਹ ਸਕਦਾ ਹੈ। ਜਦੋਂ ਕਮਿਸ਼ਨ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਜਾ ਰਿਹਾ ਹੈ ਤਾਂ ਕਮਿਸ਼ਨ ਉਸ ਦਾ ਜਵਾਬ ਦੇਵੇਗਾ ਹੀ।

## ਢੀਂਡਸਾ ਤੇ ਬ੍ਰਹਮਪੁਰਾ ਨੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਬਣਾਇਆ



ਚੰਡੀਗੜ੍ਹ, 18 ਮਈ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਅਤੇ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਰਲੇਵੇਂ ਤੋਂ ਬਾਅਦ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠ ਕੱਲ੍ਹ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਗਠਨ ਦਾ ਐਲਾਨ ਕਰ ਦਿੱਤਾ ਗਿਆ।

ਦੋਵਾਂ ਸੀਨੀਅਰ ਅਕਾਲੀ ਆਗੂਆਂ ਨੇ ਕੱਲ੍ਹ ਇੱਥੇ ਮੀਟਿੰਗ ਤੋਂ ਬਾਅਦ ਕਿਹਾ ਕਿ ਨਵੇਂ ਦਲ ਦੇ ਜਥੇਬੰਦਕ ਢਾਂਚੇ ਦਾ ਐਲਾਨ ਜਲਦੀ ਕਰ ਦਿੱਤਾ ਜਾਵੇਗਾ। ਪਾਰਟੀ ਨੇ ਜਥੇਦਾਰ ਬ੍ਰਹਮਪੁਰਾ ਨੂੰ ਸਰਪ੍ਰਸਤ ਅਤੇ ਢੀਂਡਸਾ ਨੂੰ ਪ੍ਰਧਾਨ ਥਾਪਿਆ ਹੈ। ਇਸ ਬਾਰੇ ਪਾਰਟੀ ਨੇ ਜਾਰੀ ਬਿਆਨ ਰਾਹੀਂ ਕਿਹਾ ਹੈ ਕਿ ਪੰਜਾਬ ਨੂੰ ਮੌਜੂਦਾ ਸਮੇਂ ਕਾਂਗਰਸ, ਬਾਦਲਾਂ ਅਤੇ ਭਾਜਪਾ ਤੋਂ ਬਚਾਉਣ ਦੀ ਲੋੜ ਹੈ। ਇਸ ਲਈ ਨਵੇਂ ਅਕਾਲੀ ਦਲ ਰਾਹੀਂ ਸੂਬੇ ਦੇ ਲੋਕਾਂ ਨੂੰ ਬਦਲਵੀਂ ਸਿਆਸੀ ਸੋਚ ਤੇ ਸੱਚੀ-ਸੁੱਚੀ ਸਿਆਸਤ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਬਾਦਲਾਂ ਨੇ ਪੰਜਾਬ ਨੂੰ ਰੱਜ ਕੇ ਲੁੱਟਿਆ ਹੈ। ਅਕਾਲੀ ਆਗੂਆਂ ਨੇ ਬਾਦਲਾਂ ਉੱਤੇ ਪੰਥਕ ਮਰਿਆਦਾਵਾਂ ਦਾ ਘਾਣ ਕਰਨ ਤੇ ਸਿੱਖ ਸੰਸਥਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਲਾਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਬਾਦਲ ਪਰਵਾਰ ਦੀ ਸਾਂਝ ਜੱਗ ਜ਼ਾਹਿਰ ਹੋ ਚੁੱਕੀ ਹੈ। ਇਹੀ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਪੁਲਸ ਗੋਲੀ ਕਾਂਡਾਂ ਦੇ ਦੋਸ਼ੀ ਫੜੇ ਨਹੀਂ ਗਏ। ਅਕਾਲੀ ਆਗੂਆਂ ਨੇ ਸੂਬੇ ਵਿਚ ਰੇਤ ਮਾਫੀ, ਟਰਾਂਸਪੋਰਟ ਮਾਫੀਆ, ਕੇਬਲ ਮਾਫੀਆਤੇ ਸ਼ਰਾਬ ਮਾਫੀਆ ਦਾ ਪਹਿਲਾਂ ਵਾਂਗ ਦੌਰ ਹੋਣ ਦੇ ਦੋਸ਼ ਵੀ ਲਾਏ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਹਮਖਿਆਲ ਪਾਰਟੀਆਂ ਨਾਲ ਸਾਂਝ ਪਾ ਕੇ ਪੰਜਾਬ ਨੂੰ ਮਾਫੀਆ ਤੋਂ ਮੁਕਤ ਕਰਾਇਆ ਜਾਵੇਗਾ। ਨਵੇਂ ਦਲ ਦੀ ਮੀਟਿੰਗ ਵਿੱਚ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਸਪੱਸ਼ਟੀਕਰਨ ਮੰਗਿਆ ਗਿਆ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਕੋਰੋਨਾ ਕਾਲ ਅਤੇ ਕਿਸਾਨ ਸੰਘਰਸ਼ ਦੌਰਾਨ ਦਾਨ ਵਜੋਂ ਆਈ ਰਕਮ ਦੇ ਵੇਰਵੇ ਸਬੰਧੀ ਵ੍ਹਾਈਟ ਪੇਪਰ ਜਾਰੀ ਕਰਨ ਦੀ ਮੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਦੇਸ਼ ਦੁਨੀਆ ਭਰ ਦੀ ਸਿੱਖ ਕੌਮ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਦਾਨ ਵਜੋਂ ਆਈ ਰਕਮ ਕਿਹੜੇ ਲੋਕਾਂ ਤੋਂ ਕਬੂਲੀ ਗਈ ਹੈ ਕਿਉਂਕਿ ਫਿਲਮੀ ਅਦਾਕਾਰ ਅਮਿਤਾਭ ਬੱਚਨ ਜਿਸ ਦਾ ਨਾਂਅ ਨਵੰਬਰ 1984 ਦੇ ਸਿੱਖ ਕਤਲੇਆਮ ਨਾਲ ਜੁੜਿਆ ਹੋਇਆ ਹੈ, ਪਾਸੋਂ ਦਿੱਲੀ ਗੁਰਦੁਆਰਾ ਨੇ ਦੋ ਕਰੋੜ ਰੁਪਏ ਹਾਸਲ ਕੀਤੇ ਹਨ।

## ਰਿਸ਼ਵਤ ਲੈਂਦੇ ਪਟਵਾਰੀ ਨੂੰ ਵਿਜੀਲੈਂਸ ਨੇ ਫੜ ਲਿਆ



ਸੰਗਰੂਰ, 18 ਮਈ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਨੇ ਡੀ ਡੀ ਪੀ ਓ ਦਫਤਰ ਦੇ ਪਟਵਾਰੀ ਨੂੰ 25 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰਨ ਮਗਰੋਂ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਅਤੇ ਪਟਵਾਰੀ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਇਸ ਪਿੱਛੋਂ ਵਿਜੀਲੈਂਸ ਟੀਮ ਨੇ ਡੀ ਡੀ ਪੀ ਓ ਸੰਗਰੂਰ ਨੂੰ ਪੁੱਛਗਿੱਛ ਕਰਨ ਤੋਂ ਬਾਅਦ ਫਾਰਗ ਕਰ ਦਿੱਤਾ,ਪਰ ਡੀ ਡੀ ਪੀ ਓ ਸੰਗਰੂਰ ਪਰਮਜੀਤ ਸਿੰਘ ਅਤੇ ਪਟਵਾਰੀ ਜਗਸੀਰ ਸਿੰਘ ਖਿਲਾਫ ਥਾਣਾ ਵਿਜੀਲੈਂਸ ਬਿਊਰੋ ਪਟਿਆਲਾ ਵਿੱਚ ਕੇਸ ਦਰਜ ਕਰ ਲਿਆ ਹੈ।

ਡੀ ਐਸ ਪੀ ਸੰਗਰੂਰ ਸਤਨਾਮ ਸਿੰਘ ਵਿਰਕ ਨੇ ਦੱਸਿਆ ਕਿ ਵਿਜੀਲੈਂਸ ਟੀਮ ਨੇ ਕੱਲ੍ਹ ਦਫਤਰ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਦੇ ਪਟਵਾਰੀ ਜਗਸੀਰ ਸਿੰਘ ਨੂੰ 25 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਫੜਿਆ ਹੈ। ਉਨ੍ਹਾਂ ਦੱਸਿਆ ਕਿ ਪਿੰਡ ਗੋਬਿੰਦਗੜ੍ਹ ਜੇਜੀਆਂ ਦੇ ਗੁਰਪ੍ਰੀਤ ਸਿੰਘ ਅਤੇ ਸ਼ਿੰਗਾਰਾ ਸਿੰਘ ਨੇ ਪਿੰਡ ਦਾ ਪੰਚਾਇਤੀ ਛੱਪੜ ਮੱਛੀ ਪਾਲਣ ਲਈ ਠੇਕੇ ਉੱਤੇ ਦੇਣ ਬਾਰੇ ਮੁਦੱਈ ਜਗਸੀਰ ਸਿੰਘ ਵਾਸੀ ਪਿੰਡ ਛਾਜਲਾ ਤੇ ਪਿੰਡ ਦੀ ਪੰਚਾਇਤ ਖਿਲਾਫ ਡੀ ਡੀ ਪੀ ਓ ਸੰਗਰੂਰ ਦਫਤਰ 'ਚ ਕੇਸ ਕੀਤਾ ਸੀ, ਪਰ ਬਾਅਦ ਵਿੱਚ ਦੋਵਾਂ ਧਿਰਾਂ ਦਾ ਰਾਜ਼ੀਨਾਮਾ ਹੋ ਗਿਆ ਅਤੇ ਉਨ੍ਹਾਂ ਲਿਖਤੀ ਰਾਜ਼ੀਨਾਮਾ 20 ਮਾਰਚ 2021 ਨੂੰ ਡੀ ਡੀ ਪੀ ਓ ਸੰਗਰੂਰ ਨੂੰ ਪੇਸ਼ ਕਰ ਦਿੱਤਾ ਸੀ। ਇਸ ਦੇ ਬਾਵਜੂਦ ਡੀ ਡੀ ਪੀ ਓ ਨੇ ਕੇਸ ਰੱਦ ਨਹੀਂ ਕੀਤਾ ਅਤੇ ਅੱਗੇ-ਅੱਗੇ ਤਰੀਕ ਪਾਈ ਗਿਆ। ਕੇਸ ਰੱਦ ਕਰਨ ਬਦਲੇ ਡੀ ਡੀ ਪੀ ਓ ਨੇ ਪਟਵਾਰੀ ਰਾਹੀਂ ਮੁਦੱਈ ਜਗਸੀਰ ਸਿੰਘ ਤੋਂ 25 ਹਜ਼ਾਰ ਰੁਪਏ ਰਿਸ਼ਵਤ ਮੰਗੀ ਸੀ। ਕੱਲ੍ਹ ਜਦੋਂ ਪਟਵਾਰੀ ਜਗਸੀਰ ਸਿੰਘ ਨੇ ਮੁਦੱਈ ਤੋਂ ਰਿਸ਼ਵਤ ਦੇ 25 ਹਜ਼ਾਰ ਰੁਪਏ ਵਸੂਲੇ ਤਾਂ ਤੁਰੰਤ ਵਿਜੀਲੈਂਸ ਦੀ ਟੀਮ ਨੇ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਪਟਵਾਰੀ ਨੂੰ ਰੰਗੇ ਹੱਥੀਂ ਕਾਬੂ ਕਰ ਕੇ ਰਿਸ਼ਵਤ ਦੇ ਨੋਟ ਬਰਾਮਦ ਕਰ ਲਏ।

## ਪਿੰਡ ਬੂਹਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸਰੂਪ ਅਗਨ ਭੇਟ

ਬਨੂੜ, 18 ਮਈ (ਪੋਸਟ ਬਿਊਰੋ)- ਨੇੜਲੇ ਪਿੰਡ ਬੂਹਾ ਵਿਖੇ ਗੁਰਦੁਆਰਾ ਸ੍ਰੀ ਕਲਗੀਧਰ ਵਿਖੇ ਦੇਰ ਰਾਤ ਸੁਖਆਸਨ ਸਾਹਿਬ ਵਿਖੇ ਪੱਖੇ ਵਿੱਚ ਬਿਜਲੀ ਸਪਾਰਕ ਹੋਣ ਕਰਕੇ ਅੱਗ ਲੱਗਣ ਦੀ ਖਬਰ ਹੈ। ਇਸ ਪਿੱਛੋਂ ਡੀ ਐਸ ਪੀ ਜਸਵਿੰਦਰ ਸਿੰਘ ਟਿਵਾਣਾ ਨੇ ਸਮੇਤ ਪੁਲਸ ਪਾਰਟੀ ਓਥੇ ਪਹੁੰਚ ਕੇ ਸੀ ਸੀ ਟੀ ਵੀ ਫੁਟੇਜ ਕੱਢਵਾਈਤਾਂ ਪਤਾ ਲੱਗਾ ਕਿ ਪੱਖੇ ਕਾਰਨ ਅੱਗ ਲੱਗੀ ਹੈ, ਕਿਸੇ ਨੇ ਕੋਈ ਸ਼ਰਾਰਤ ਨਹੀਂ ਸੀ ਕੀਤੀ। ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਦੱਸਿਆ ਕਿ ਕੱਲ੍ਹ ਦੇਰ ਸ਼ਾਮ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਮੇਵਾ ਸਿੰਘ ਦਰਵਾਜ਼ੇ ਬੰਦ ਕਰ ਕੇ ਚਲੇ ਗਏ ਅਤੇ ਕਰੀਬ 2.30 ਵਜੇ ਤੜਕੇ ਗੁਰਦੁਆਰਾ ਸਾਹਿਬ ਦੀ ਇਮਾਰਤ ਵਿੱਚੋਂ ਧੂੰਆਂ ਨਿਕਲਦਾ ਦੇਖ ਕੇ ਨੇੜਲੇ ਘਰਾਂ ਤੋਂ ਸੰਗਤਾਂ ਨੇ ਜਦੋ-ਜਹਿਦ ਨਾਲ ਅੱਗ ਬੁਝਾਈ ਅਤੇ ਫਾਇਰ ਬ੍ਰਿਗੇਡ ਦੀ ਰਾਜਪੁਰਾ ਤੋਂ ਪਹੁੰਚੀ ਗੱਡੀ ਰਾਹੀਂ ਅੱਗ ਉੱਤੇਮੁਕੰਮਲ ਕਾਬੂ ਪਾਇਆ ਗਿਆ।ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਵਿੱਚ ਸੁਖਆਸਨ ਸਾਹਿਬ ਜੀ ਦੇ ਅਸਥਾਨ ਵਿੱਚ ਪਏ ਤਿੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀਆਂ ਜਿਲਦਾਂ ਅਗਨ ਭੇਟ ਹੋ ਗਈਆਂ। ਇਨ੍ਹਾਂ ਸਰੂਪਾਂ ਨੂੰ ਅਗੀਠਾ ਸਾਹਿਬ ਵਿਖੇ ਭੇਜ ਦਿੱਤਾ ਤੇ ਇਮਾਰਤ ਦੀ ਮੁਰੰਮਤ ਕਰਵਾ ਕੇ ਪਸ਼ਚਾਤਾਪ ਵਜੋਂ ਭੁੱਲ ਬਖਸ਼ਾਉਣ ਲਈ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ।

## ਪੈਰੋਲ ਉੱਤੇ ਛੁੱਟੇ ਉਮਰ ਕੈਦੀ ਵੱਲੋਂ ਪੈਸਿਆਂ ਲਈ ਔਰਤ ਦੀ ਹੱਤਿਆ



ਲੁਧਿਆਣਾ, 18 ਮਈ (ਪੋਸਟ ਬਿਊਰੋ)- ਲੁਧਿਆਣਾ ਪੁਲਸ ਨੇ 10 ਮਈ ਨੂੰ ਭਾਮੀਆਂ ਖੁਰਦ ਦੇ ਜੈਨ ਇਨਕਲੇਵ ਵਿੱਚ ਮੇਘਾ ਮਲਹੋਤਰਾ ਨਾਂਅ ਦੀ ਔਰਤ ਦੀ ਗਲਾ ਘੁੱਟ ਕੇ ਹੱਤਿਆ ਦਾਕੇਸ ਸੁਲਝਾ ਲਿਆ ਅਤੇ ਇੱਕ ਦੋਸ਼ੀ ਨੂੰ ਉਤਰ ਪ੍ਰਦੇਸ਼ ਤੋਂ ਗ੍ਰਿਫਤਾਰ ਕੀਤਾ ਹੈ। ਦੋਸ਼ੀ ਦੀ ਪਛਾਣ ਮੂਲ ਰੂਪ 'ਚ ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਮਹਾਰਾਜਗੰਜ ਦੇ ਥਾਣਾ ਗੁਗਲੀ ਦੇ ਪਿੰਡ ਧਨਗੜੀ ਵਾਸੀ ਮੋਹਨ ਸਿੰਘ ਦੇ ਰੂਪ ਵਿੱਚ ਹੋਈ ਹੈ।

ਪੁਲਸ ਕਮਿਸ਼ਨਰ ਰਾਕੇਸ਼ ਅਗਰਵਾਲ ਨੇ ਦੱਸਿਆ ਕਿ ਮੋਹਨ ਸਿੰਘ ਮੁੰਡੀਆਂ ਕਲਾਂ ਦੇ 33 ਫੁੱਟਾ ਰੋਡ ਉਤੇ ਬਾਦਲ ਕਾਲੋਨੀ ਦੀ ਹੈਵਨ ਸਿਟੀ ਵਿੱਚ ਰਾਜ ਕੁਮਾਰ ਜੋਸ਼ੀ ਦਾ ਕਿਰ-ਾਏਦਾਰ ਸੀ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਕਾਤਲ ਨੇ 18 ਸਾਲ ਪਹਿਲਾਂ ਸ਼ਾਸਤਰੀ ਨਗਰ ਵਿੱਚ ਵੀ ਔਰਤ ਤੇ ਉਸ ਦੇ ਨੌਕਰ ਦੀ ਹੱਤਿਆ ਕੀਤੀ ਸੀ ਤੇ ਇਸ ਕੇ ਵਿੱਚ ਜੇਲ੍ਹ ਦੀ ਸਜ਼ਾ ਕੱਟ ਰਿਹਾ ਸੀ ਅਤੇ ਅੱਜ ਕੱਲ੍ਹ ਕੋਰੋਨਾ ਕਾਰਨ ਪੈਰੋਲ ਉੱਤੇ ਜੇਲ੍ਹ ਵਿੱਚੋਂ ਬਾਹਰ ਆਇਆ ਸੀ। ਪੁਲਸ ਅਨੁਸਾਰ ਜੇਲ੍ਹ ਵਿੱਚੋਂ ਛੁੱਟਣ ਦੇ ਬਾਅਦ ਦੋਸ਼ੀ ਲੋਕਾਂ ਦੇ ਘਰਾਂ ਵਿੱਚ ਪੇਂਟ ਦਾ ਕੰਮ ਕਰਨ ਲੱਗਾ ਸੀ। ਉਸ ਨੇ ਕੁਝ ਦਿਨ ਪਹਿਲਾਂ ਮੇਘਾ ਦੇ ਘਰ ਵਿੱਚ ਪੇਂਟ ਦਾ ਕੰਮ ਕੀਤਾ ਸੀ।ਉਸ ਨੂੰ ਪਤਾ ਲੱਗ ਗਿਆ ਕਿ ਉਸ ਦਾ ਪਤੀ ਸਵੇਰੇ ਕੰਮ ਉੱਤੇ ਚਲਾ ਜਾਂਦਾ ਹੈ। ਉਹ ਬੱਚੇ ਦੇ ਨਾਲ ਘਰ 'ਚ ਇਕੱਲੀ ਰਹਿੰਦੀ ਹੈ। ਉਸ ਨੇ ਸਾਜ਼ਿਸ਼ ਦੇ ਤਹਿਤ ਪੇਂਟ ਦਾ ਕੁਝ ਕੰਮ ਅਧੂਰਾ ਛੱਡ ਦਿੱਤਾ। ਦਸ ਮਈ ਨੂੰ ਕੰਮ ਲਈ ਫਿਰ ਘਰ ਵਿੱਚ ਗਿਆ ਅਤੇ ਰੁਮਾਲ ਤੇ ਮੋਬਾਈਲ ਚਾਰਜਰ ਦੀ ਕੇਬਲ ਨਾਲ ਗਲਾ ਘੁੱਟ ਕੇ ਮੇਘਾ ਦੀ ਹੱਤਿਆ ਕਰ ਦਿੱਤੀ ਅਤੇ ਚੋਰੀ ਕਰ ਕੇ ਫਰਾਰ ਹੋ ਗਿਆ। ਉਸ ਦੇ ਕੋਲੋਂ ਪਰਸ, ਆਧਾਰ ਕਾਰਡ, ਏ ਟੀ ਐਮ ਕਾਰਡ, ਚੋਰੀ ਕੀਤੇ ਰੁਪਿਆਂ ਵਿੱਚੋਂ ਪੰਜ ਹਜ਼ਾਰ ਤੇ ਰੁਮਾਲ ਬਰਾਮਦ ਕੀਤਾ ਗਿਆ ਹੈ।

Steinmetz & Associates

PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਵਰਕਰ ਦੀ ਲੋੜ

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

ਸੰਪਰਕ: 416-816-1695

# ਕਸ਼ਮੀਰ ਵਿਚ ਮੁਕਾਬਲੇ ਦੌਰਾਨ ਅਲ-ਬਦਰ ਦੇ ਦੋ ਅੱਤਵਾਦੀ ਹਲਾਕ



ਸ੍ਰੀਨਗਰ, 18 ਮਈ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਸ੍ਰੀਨਗਰ ਜ਼ਿਲ੍ਹੇ ਨਾਲ ਲੱਗਦੇ ਪੰਪੋਰ ਦੇ ਖਾਨਮੋਹ ਇਲਾਕੇ ਵਿੱਚ ਸੁਰੱਖਿਆ ਬਲਾਂ ਨਾਲ ਮੁਕਾਬਲੇ ਦੌਰਾਨ ਅੱਤਵਾਦੀ ਸੰਗਠਨ ਅਲ-ਬਦਰ ਦੇ ਦੋ ਸਥਾਨਕ ਅੱਤਵਾਦੀ ਮਾਰੇ ਗਏ, ਜਿਨ੍ਹਾਂ ਦੇ ਬਾਰੇ ਅਗਲੀ ਜਾਂਚ ਪੁਲਸ ਵੱਲੋਂ ਕੀਤੀ ਜਾ ਰਹੀ ਹੈ।

ਕਸ਼ਮੀਰ ਰੇਂਜ ਦੇ ਆਈ ਜੀ ਵਿਜੇ ਕੁਮਾਰ ਨੇ ਦੱਸਿਆ ਕਿ ਕੱਲ੍ਹ ਫ਼ੌਜ ਦੀ 50 ਆਰ ਆਰ, ਪੁਲਸ ਦੇ ਸਪੈਸ਼ਲ ਆਪ੍ਰੇਸ਼ਨ ਗਰੁੱਪ (ਐਸ ਓ ਜੀ) ਅਤੇ ਸੀ ਆਰ ਪੀ ਐਫ ਵੱਲੋਂ ਅੱਤਵਾਦੀ ਦੇ ਲੁਕੇ ਹੋਣ ਦੀ ਪੱਕੀ ਸੂਚਨਾ ਮਿਲਣ ਬਾਅਦ ਖਾਨਮੋਹ ਇਲਾਕੇ ਦੇ ਸ਼ਾਹ ਮੁਹੱਲੇਦੀ ਤਲਾਸ਼ੀ ਸ਼ੁਰੂ ਕੀਤੀ ਤਾਂ ਅੱਤਵਾਦੀਆਂ ਨੇ ਸੁਰੱਖਿਆ ਬਲਾਂ ਦੇ ਘੇਰੇ ਵਿੱਚ ਫਸ ਜਾਣ ਬਾਅਦ ਫਰਾਰ ਹੋਣ ਦੀ ਕੋਸ਼ਿਸ਼ ਵਿੱਚ ਗੋਲੀਬਾਰੀ ਸ਼ੁਰੂ ਕਰ ਦਿੱਤੀ। ਸੁਰੱਖਿਆ ਬਲਾਂ ਵੱਲੋਂ ਉਨ੍ਹਾਂ ਨੂੰ ਵਾਰ-ਵਾਰ ਆਤਮ-ਸਮਰਪਣ ਕਰਨ ਲਈ ਕਿਹਾ ਗਿਆ, ਪਰ ਅੱਤਵਾਦੀ ਗੋਲੀਬਾਰੀ ਕਰਦੇ ਨੇੜੇ ਦੇ ਲੋਨ ਮੁਹੱਲੇ ਦੇ ਇੱਕ ਮਕਾਨ ਵਿੱਚ ਜਾ ਕੇ ਲੁਕ ਗਏ ਅਤੇ ਗੋਲੀਬਾਰੀ ਕਰਦੇ ਰਹੇ। ਅਖ਼ੀਰ ਸੁਰੱਖਿਆ ਬਲਾਂ ਦੀ ਜਵਾਬੀ ਕਾਰਵਾਈ ਤੋਂ ਬਾਅਦ ਕਈ ਘੰਟੇ ਚੱਲੇ ਇਸ ਮੁਕਾਬਲੇ ਦੌਰਾਨ ਦੋਵੇਂ ਅੱਤਵਾਦੀ ਮਾਰੇ ਗਏ। ਅੱਤਵਾਦੀਆਂ ਦੀਆਂ ਲਾਸ਼ਾਂ ਦੇ ਕੋਲ ਦੋ ਪਿਸਤੌਲ, 1 ਗ੍ਰਨੇਡ, ਤਿੰਨ ਯੂ ਬੀ ਜੀ ਐਲ ਗ੍ਰਨੇਡ ਬਰਾਮਦ ਹੋਏ। ਸਥਾਨਕ ਸੂਤਰਾਂ ਨੇ ਮਾਰੇ ਗਏ ਅੱਤਵਾਦੀਆਂ ਦੀ ਪਛਾਣ ਓਮਰ ਮੁਸ਼ਤਾਕ ਖਾਂਡੇ ਵਾਸੀ ਤਰੁਕਵਾਂਗਨ (ਪੰਪੋਰਾ) ਤੇ ਵਸੀਮ ਬਸੀਰ ਪੰਡਿਤ ਕਾਕਾਪੋਰਾ ਪੁਲਵਾਮਾ ਵਜੋਂ ਕੀਤੀ।

# ਸਿੰਘੂ ਮੋਰਚੇ ’ਤੇ ਕਿਸਾਨਾਂ ਨੇ 100 ਦੇ ਕਰੀਬ ਆਰਜ਼ੀ ਪਿੰਡ ਵਸਾਏ



ਨਵੀਂ ਦਿੱਲੀ, 18 ਮਈ (ਪੋਸਟ ਬਿਊਰੋ)- ਦਿੱਲੀ ਦੀਆਂ ਹੱਦਾਂ ਉਤੇ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਸੰਘਰਸ਼ ਦੌਰਾਨ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼ ਦੇ ਕਿਸਾਨਾਂ ਨੇ ਇੱਥੇ ਪ੍ਰਤੀਕ ਵਜੋਂ ਆਰਜ਼ੀ ਪਿੰਡ ਵਸਾ ਲਏ ਹਨ।

ਪਹਿਲਾਂ ਇਹ ਵਰਤਾਰਾ ਟਿਕਰੀ ਵਿੱਚ ਸ਼ੁਰੂ ਹੋਇਆ ਸੀ ਤੇ ਫਿਰ ਸਿੰਘੂ ਤੇ ਗਾਜ਼ੀਪੁਰ ਦੇ ਮੋਰਚਿਆਂ ਦੇ ਕਿਸਾਨਾਂ ਨੇ ਵੀ ਆਪਣੇ ਮੋਰਚਿਆਂ ਉਪਰ ਪਛਾਣ ਕਾਇਮ ਕਰਨ ਲਈ ਪਿੰਡਾਂ ਦੇ ਨਾਂਅ ਉਤੇ ਆਰਜ਼ੀ ਟਿਕਾਣੇ ਬਣਾ ਲਏ। ਸਿੰਘੂ ਬਾਰਡਰ ’ਤੇ ਕਰੀਬ 100 ਪਿੰਡਾਂ ਵਾਲਿਆਂ ਨੇ ਆਪਣੀਆਂ ਬਾਂਸਾਂ ਦੀਆਂ ਝੌਂਪੜੀਆਂ ਨੂੰ ਆਪਣੇ ਪਿੰਡਾਂ ਦੇ ਨਾਂਅ ਦੇ ਦਿੱਤੇ ਹਨ। ਕੌਮੀ ਸ਼ਾਹ ਰਾਹ ਨੰਬਰ-1 ਉਪਰ ਸੱਤ ਕਿਲੋਮੀਟਰ ਤੋਂ ਵੱਧ ਫੈਲੇ ਸਿੰਘੂ ਮੋਰਚੇ ਉਪਰ ਕਿਸਾਨਾਂ ਨੇ ‘0' ਕਿਲੋਮੀਟਰ ਦੇ ਮੀਲ-ਪੱਥਰ ਬਣਾ ਕੇ ਆਪਣੇ ਟਿਕਾਣਿਆਂ ਦੀ ਨਿਸ਼ਾਨਦੇਹੀ ਕੀਤੀ ਹੋਈ ਹੈ। ਥਾਂ-ਥਾਂ ਇਹ ਸਿਫਰ ਵਾਲੇ ਫੱਟੇ ਦੇਖੇ ਜਾ ਸਕਦੇ ਹਨ।ਦੁਆਬੇ ਦੇ ਕਿਸਾਨਾਂ ਨੇ ਤਾਂ ਸ਼ਾਦੀਪੁਰ, ਪਾਸਲਾ, ਗੁਰਾਇਆ, ਨਵਾਂ ਪਿੰਡ ਨਾਇਰਾ ਦੇ ਬੋਰਡ ਵੱਡੀ ਝੌਂਪੜੀ ਉਪਰ ਲਾ ਕੇ ਆਪਣੇ ਇਲਾਕੇ ਦੀ ਹੀ ਸਿੰਘੂ ਉਤੇ ਧਾਂਕ ਜਮ੍ਹਾ ਦਿੱਤੀ ਹੈ। ਕਈ ਕਿਸਾਨਾਂ ਨੇ ਕਿਹਾ ਕਿ ਇਸ ਤਰ੍ਹਾਂ ਉਹ ਬੇਗਾਨਗੀ ਮਹਿਸੂਸ ਨਹੀਂ ਕਰਦੇ ਤੇ ਇਹ ਵੀ ਪਤਾ ਲੱਗ ਜਾਂਦਾ ਹੈ ਕਿ ਇਸ ਇਲਾਕੇ ਦੇ ਕਿਸਾਨ ਇੱਥੇ ਟਿਕੇ ਹੋਏ ਹਨ।

# ਸ਼ੁਵੇਂਦੂ ਅਧਿਕਾਰੀ ਦੇ ਖਿਲਾਫ ਕਾਰਵਾਈ ਨਾ ਹੋਣ ’ਤੇ ਮੈਥਿਊ ਸੈਮੁਅਲ ਨਿਰਾਸ਼



ਨਵੀਂ ਦਿੱਲੀ, 18 ਮਈ (ਪੋਸਟ ਬਿਊਰੋ)- ਸੀਨੀਅਰ ਪੱਤਰਕਾਰ ਤੇ 2016 ਦੇ ਨਾਰਦਾ ਟੇਪ ਕੇਸ ਦੇ ਸ਼ਿਕਾਇਤਕਰਤਾ ਮੈਥਿਊ ਸੈਮੁਅਲ ਨੇ ਸੀ ਬੀ ਆਈ ਵੱਲੋਂ ਭਾਜਪਾ ਆਗੂ ਸ਼ੁਵੇਂਦੂ ਅਧਿਕਾਰੀ ਖਿਲਾਫ ਕੋਈ ਕਾਰਵਾਈ ਨਾ ਕੀਤੇ ਜਾਣ ਉਤੇ ਨਾਖੁਸ਼ੀ ਜ਼ਾਹਿਰ ਕੀਤੀ ਹੈ। ਫਿਰ ਵੀ ਉਨ੍ਹਾਂ ਤ੍ਰਿਣਮੂਲ ਕਾਂਗਰਸ (ਟੀ ਐਮ ਸੀ) ਦੇ ਸੁਬ੍ਰਤਾ ਮੁਖਰਜੀ ਤੇ ਫਰਹਾਦ ਹਕੀਮ ਖਿਲਾਫ ਕੀਤੀ ਗਈ ਕਾਰਵਾਈ ਉੱਤੇ ਤਸੱਲੀ ਪ੍ਰਗਟਾਈ ਹੈ।

ਮੀਡੀਆ ਰਿਪੋਰਟਾਂ ਅਨੁਸਰ ਮੈਥਿਊ ਸੈਮੁਅਲ ਨੇ ਕਿਹਾ, ‘ਮੈਂ ਖੁਦ ਸ਼ੁਵੇਂਦੂ ਅਧਿਕਾਰੀ ਦੇ ਦਫਤਰ ਜਾ ਕੇ ਉਨ੍ਹਾਂ ਨੂੰ ਰਕਮ ਫੜਾਈ ਸੀ। ਉਸ ਦਾ ਨਾਂਅ ਸੂਚੀ ਵਿੱਚ ਸ਼ਾਮਲ ਨਹੀਂ ਹੈ। ਕੀ ਹੋਇਆ? ਇਸ ਬਾਰੇ ਫੋਰੈਂਸਿਕ ਜਾਂਚ ਹੋਈ ਸੀ ਤੇ ਇਹ ਸਾਬਤ ਹੋ ਚੁੱਕਾ ਹੈ। ਸੀ ਬੀ ਆਈ ਨੇ ਇਸ ਬਾਰੇ ਮੇਰਾ ਬਿਆਨ ਦਰਜ ਕੀਤਾ ਸੀ। ਮੈਂ ਸ਼ੁਵੇਂਦੂ ਅਧਿਕਾਰੀ ਕੋਲ ਗਿਆ ਸੀ ਤੇ ਉਨ੍ਹਾਂ ਮੰਨਿਆ ਸੀ ਕਿ ਉਨ੍ਹਾਂ ਨੂੰ ਰਕਮ ਮਿਲ ਗਈ ਹੈ।' ਉਨ੍ਹਾਂ ਕਿਹਾ, ‘ਕਈ ਸਾਲ ਬਾਅਦ ਅੱਜ ਖੁਸ਼ੀ ਦਾ ਦਿਨ ਹੈ। ਇਹ ਸਟਿੰਗ ਟੇਪ 2016 ਵਿੱਚ ਰਿਲੀਜ਼ ਕੀਤੀ ਸੀ। ਸੀ ਬੀ ਆਈ ਤਿੰਨ ਸਾਲ ਪਹਿਲਾਂ ਵੀ ਚਾਰਜਸ਼ੀਟ ਤਿਆਰ ਕਰ ਲੈਂਦੀ ਤਾਂ ਉਹ ਇਨ੍ਹਾਂ ਸਿਆਸੀ ਆਗੂਆਂ ਖਿਲਾਫ ਕਾਰਵਾਈ ਨਹੀਂ ਕਰ ਸਕਦੀ ਸੀ।' ਸੈਮੁਅਲ ਨੇ ਕਿਹਾ ਕਿ ਨਾਰਦਾ ਟੇਪ ਕੇਸ 'ਚ ਬੈਨਰਜੀ ਦੇ ਸਾਬਕਾ ਸਾਥੀ ਮੁਕੁਲ ਰੌਇ ਤੇ ਸੁਵੇਂਦੂ ਅਧਿਕਾਰੀ ਦੇ ਨਾਂਅ ਵੀ ਆਏ ਸਨ, ਜਿਹੜੇ ਟੀ ਐਮ ਸੀ ਛੱਡ ਕੇ ਭਾਜਪਾ ਵਿੱਚ ਚਲੇ ਗਏ ਸਨ। ਇਨ੍ਹਾਂ ਦੋਵਾਂ ਖਿਲਾਫ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ।

# ਗਊ ਮੂਤਰ ਪੀਣ ਨਾਲ ਕੋਰੋਨਾ ਨਹੀਂ ਹੁੰਦਾ: ਸਾਧਵੀ ਪ੍ਰੱਗਿਆ ਠਾਕੁਰ



ਭੋਪਾਲ, 18 ਮਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਭੋਪਾਲ ਲੋਕ ਸਭਾ ਹਲਕੇ ਵਿਚੋਂ ਭਾਜਪਾ ਦੀ ਪਾਰਲੀਮੈਂਟ ਮੈਂਬਰ ਪ੍ਰੱਗਿਆ ਠਾਕੁਰ ਨੇ ਕੱਲ੍ਹ ਦਾਅਵਾ ਕੀਤਾ ਕਿ ਗਊ ਮੂਤਰ ਦਾ ਅਰਕ ਪੀਣ ਨਾਲ ਕੋਵਿਡ 19 ਨਹੀਂ ਹੋਵੇਗਾ ਕਿਉਂਕਿ ਇਸ ਨਾਲ ਫੇਫੜਿਆਂ ਦੀ ਇਨਫੈਕਸ਼ਨ ਦੂਰ ਹੁੰਦੀ ਹੈ। ਉਨ੍ਹਾਂ ਕਿਹਾ, ‘ਮੈਂ ਰੋਜ਼ ਗਊ ਮੂਤਰ ਦਾ ਅਰਕ ਪੀਂਦੀ ਹਾਂ। ਇਸ ਲਈ ਮੈਨੂੰ ਕੋਰੋਨਾ ਵਾਇਰਸ ਨਹੀਂ ਹੋਇਆ ਅਤੇ ਨਾ ਹੀ ਹੋਵੇਗਾ।'

ਭੋਪਾਲ ਦੇ ਬੇਰਾਗੜ੍ਹ ਇਲਾਕੇ ਵਿੱਚ ਆਕਸੀਜਨ ਪਲਾਂਟ ਜਨਤਾ ਨੂੰ ਸਮਰਪਿਤ ਕਰਨ ਦੇ ਬਾਅਦ ਉਨ੍ਹਾਂ ਕਿਹਾ ਕਿ ‘ਦੇਸੀ ਗਾਂ ਦੇ ਪਿਸ਼ਾਬ ਦਾ ਅਰਕ ਜੇ ਅਸੀਂ ਲੈਂਦੇ ਹਾਂ ਉਸ ਨਾਲ ਫੇਫੜਿਆਂ ਦੀ ਇਨਫੈਕਸ਼ਨ ਦੂਰ ਹੁੰਦੀ ਹੈ।' ਉਨ੍ਹਾਂ ਕਿਹਾ, ‘ਮੈਂ ਬਹੁਤ ਤਕਲੀਫ ਵਿੱਚ ਹਾਂ, ਪਰ ਰੋਜ਼ਾਨਾ ਗਊ ਦੇ ਪਿਸ਼ਾਬ ਦਾ ਅਰਕ ਲੈਂਦੀ ਹਾਂ ਅਤੇ ਇਸ ਕਾਰਨ ਮੈਨੂੰ ਕੋਰੋਨਾ ਲਈ ਕੋਈ ਹੋਰ ਦਵਾਈ ਨਹੀਂ ਲੈਣੀ ਪੈ ਰਹੀ। ਮੈਨੂੰ ਕੋਰੋਨਾ ਨਹੀਂ ਹੈ ਤੇ ਨਾ ਹੀ ਹੋਵੇਗਾ।' ਮੱਧ ਪ੍ਰਦੇਸ਼ ਕਾਂਗਰਸ ਦੇ ਮੀਡੀਆ ਮੀਤ ਪ੍ਰਧਾਨ ਭੁਪਿੰਦਰ ਗੁਪਤਾ ਨੇ ਇਸ 'ਤੇ ਤਨਜ਼ ਕੱਸਿਆ, ‘ਸਮੇਂ ਸਮੇਂ ਭਾਜਪਾ ਦੇ ਵਿ-ਗਆਨਕ ਸੂਝ ਵਾਲੇ ਨੇਤਾ ਦੇਸ਼ ਨੂੰ ਕੋਰੋਨਾ ਦੇ ਇਲਾਜ ਦੇ ਨਵੇਂ-ਨਵੇਂ ਢੰਗ ਸੁਝਾਉਂਦੇ ਰਹਿੰਦੇ ਹਨ। ਇਸ ਬਾਰੇ ਵਿੱਚ ਭੋਪਾਲ ਤੋਂ ਪਾਰਲੀਮੈਂਟ ਮੈਂਬਰ ਪ੍ਰੱਗਿਆ ਠਾਕੁਰ ਦੇ ਸੁਝਾਅ ਨੂੰ ਸਰਕਾਰ ਗੰਭੀਰਤਾ ਨਾਲ ਲਵੇ ਅਤੇ ਸੂਬੇ ਦੇ ਕਿਸੇ ਮੈਡੀਕਲ ਕਾਲਜ ਵਿੱਚ ‘ਗਊ ਮੂਤਰ ਬੈਚ' ਦੀ ਸਥਾਪਨਾ ਕਰਨੀ ਚਾਹੀਦੀ ਹੈ। ਕਿਉਂਕਿ ਪ੍ਰੱਗਿਆ ਭੋਪਾਲ ਤੋਂ ਐਮ ਪੀ ਹੈ, ਇਸ ਲਈ ਉਨ੍ਹਾਂ ਨੂੰ ਉਸ ਮੈਡੀਕਲ ਕਾਲਜ ਵਿੱਚ ਗਊ ਮੂਤਰ ਵਾਰਡ ਵੀ ਬਣਵਾਉਣਾ ਚਾਹੀਦਾ ਹੈ ਜਿਸ ਵਿੱਚ ਸੰਘ ਅਤੇ ਭਾਜਪਾ ਦੇ ਕੋਰੋਨਾ ਪੀੜਤ ਵਰਕਰ ਆਪਣਾ ਇਲਾਜ ਕਰਵਾ ਸਕਣ।'






# ਚੀਨ ਵਿੱਚ ਤਿੰਨ ਕਰੋੜ ਕੁਆਰੇ, ਕੁੜੀਆਂ ਜੰਮਣ ਦੀ ਦਰ ਵਿੱਚ ਵੱਡੀ ਗਿਰਾਵਟ



ਪੇਈਚਿੰਗ, 18 ਮਈ (ਪੋਸਟ ਬਿਊਰੋ)- ਦੁਨੀਆ ਵਿੱਚ ਸਭ ਤੋਂ ਵੱਧ ਆਬਾਦੀ ਵਾਲੇ ਚੀਨ ਵਿੱਚ ਤਿੰਨ ਕਰੋੜ ਵਿਅਕਤੀ ਵਿਆਹ ਕਰਵਾਉਣ ਲਈ ਘੁੰਮ ਰਹੇ ਹਨ ਪਰ ਕੁੜੀਆਂ ਦੀ ਕਮੀ ਹੋਣ ਕਾਰਨ ਉਨ੍ਹਾਂ ਦੇ ਵਿਆਹ ਨਹੀਂ ਹੋ ਰਹੇ। ਦੇਸ਼ ਵਿੱਚ ਕੁਆਰੇ ਮਰਦਾਂ ਦੀ ਗਿਣਤੀ ਕੁਝ ਦੇਸ਼ਾਂ ਦੀ ਕੁਲ ਆਬਾਦੀ ਦੇ ਬਰਾਬਰ ਹੈ।

ਵਰਨਣ ਯੋਗ ਹੈ ਕਿ ਚੀਨ ਵਿੱਚ 10 ਸਾਲ ਵਿੱਚ ਇੱਕ ਵਾਰ ਹੋਣ ਵਾਲੀ ਮਰਮਦ ਸ਼ੁਮਾਰੀ ਤੋਂ ਪਤਾ ਲੱਗਾ ਹੈ ਕਿ ਦੇਸ਼ ਵਿੱਚ ਲੱਗਭਗ ਤਿੰਨ ਕਰੋੜ ਕੁਆਰੇ ਮਰਦ ਹਨ। ਸਾਊਥ ਚਾਈਨਾ ਮਾਰਨਿੰਗ ਪੋਸਟ (ਐਸ ਸੀ ਐਮ ਪੀ) ਨੇ ਦੱਸਿਆ ਕਿ ਚੀਨ ਨੇ ਲੰਬੇ ਸਮੇਂ ਤੋਂ ਮੁੰਡੇ ਦੀ ਜਨਮਦਰ ਨੂੰ ਪਹਿਲ ਦਿੱਤੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਮਰਮਦਸ਼ੁਮਾਰੀ ਦੇ ਨਵੇਂ ਅੰਕੜਿਆਂ ਵਿੱਚ ਕੁੜੀਆਂ ਦੀ ਗਿਣਤੀ ਵਿੱਚ ਮਾਮੂਲੀ ਵਾਧਾ ਹੋਣ ਦੇ ਬਾਵਜੂਦ ਚੀਨ ਵਿੱਚ ਲਿੰਗ ਫਰਕ ਦਾ ਮੁੱਦਾ ਜਲਦੀ ਹੱਲ ਹੋਣ ਦੀ ਸੰਭਾਵਨਾ ਦਿਖਾਈ ਨਹੀਂ ਦੇ ਰਹੀ।ਨੈਸ਼ਨਲ ਬਿਊਰੋ ਆਫ ਸਟੈਟਿਸਟਿਕਸ (ਐਨ ਬੀ ਐਸ) ਵੱਲੋਂ ਚੀਨ ਦੀ 7ਵੀਂ ਮਰਦਮ ਸ਼ੁਮਾਰੀ ਮੁਤਾਬਕ ਪਿਛਲੇ ਸਾਲ ਪੈਦਾ ਹੋਏ 1.2 ਕਰੋੜ ਬੱਚਿਆਂ ਵਿੱਚੋਂ ਹਰ 100 ਕੁੜੀਆਂ ਲਈ 111.3 ਮੁੰਡੇ ਸਨ। 2010 ਵਿੱਚ ਇਹ ਅਨੁਪਾਤ 118.1 ਤੋਂ 100 ਸੀ। ਪ੍ਰੋਫੈਸਰ ਸਟੁਅਰਟ ਗਿਏ-ਟੇਨ-ਬਾਸਟੇਨ ਦੱਸਦੇ ਹਨ ਕਿ ਚੀਨੀ ਪਰਵਾਰ ਕੁੜੀਆਂ ਦੀ ਥਾਂ ਮੁੰਡਿਆਂ ਦੇ ਚਾਹਵਾਨ ਹਨ ਜਿਸ ਨਾਲ ਸਥਿਤੀ ਹੋਰ ਖ਼ਰਾਬ ਹੁੰਦੀ ਜਾਂਦੀ ਹੈ।

ਇੱਕ ਹੋਰ ਪ੍ਰੋਫੈਸਰ ਬਿਓਰਨ ਐਲਪਰਮੈਨ ਨੇ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਜਨਮ ਲੈਣ ਵਾਲੇ ਬੱਚਿਆਂ ਦੀ ਉਮਰ ਵਿਆਹ ਕਰਨ ਦੀ ਹੋਵੇਗੀ, ਓਦੋਂ ਸੰਭਾਵੀ ਲਾੜੀਆਂ ਦੀ ਭਾਰੀ ਕਮੀ ਹੋ ਜਾਏਗੀ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਪੈਦਾ ਹੋਏ ਇਨ੍ਹਾਂ 1.2 ਕਰੋੜ ਬੱਚਿਆਂ ਵਿੱਚੋਂ ਛੇ ਲੱਖ ਮੁੰਡੇ ਵੱਡੇ ਹੋਣ ਉੱਤੇ ਆਪਣੀ ਉਮਰ ਦੀ ਜੀਵਨਸਾਥਣ ਨਹੀਂ ਲੱਭ ਸਕਣਗੇ। ਡੈਮੋਗ੍ਰਾਫ਼ੀ ਦੇ ਪ੍ਰੋਫੈਸਰ ਜਿਯਾਂਗ ਕਵਾਨਬਾਓ ਨੇ ਕਿਹਾ ਕਿ ਚੀਨ ਦੀ ਇੱਕ ਬੱਚੇ ਦੀ ਨੀਤੀ, 1979 ਵਿੱਚ ਲਾਗੂ ਕੀਤੀ ਗਈ ਅਤੇ 2016 ਵਿੱਚ ਵਾਪਸ ਲੈ ਲਈ ਗਈ, ਜਿਸਨੇ ਮੁੰਡਿਆਂ ਦੇ ਪੱਖ ਵਿੱਚ ਗਰਭਪਾਤ ਦੇ ਰਿਵਾਜ਼ ਨੂੰ ਵਧਾ ਦਿੱਤਾ ਸੀ। ਇਸ ਦੌਰਾਨ, ਐਸ ਸੀ ਐਮ ਪੀ ਨੇ ਐਮ ਐਸ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਚੀਨ ਦੀ ਪ੍ਰਜਨਣ ਦਰ ਪ੍ਰਤੀ ਔਰਤ 1.3 ਬੱਚੇ ਸੀ, ਜੋ ਸਥਿਰ ਆਬਾਦੀ ਨੂੰ ਬਣਾਈ ਰੱਖਣ ਲਈ ਜ਼ਰੂਰੀ 2.1 ਤੋਂ ਬਹੁਤ ਘੱਟ ਹੈ।

# ਸਾਊਦੀ ਅਰਬ ਨੇ ਕੌਮਾਂਤਰੀ ਉਡਾਣਾਂ ਸ਼ੁਰੂ ਕੀਤੀਆਂ, ਬਾਰਡਰ ਵੀ ਖੋਲ੍ਹੇ




ਰਿਆਦ, 18 ਮਈ (ਪੋਸਟ ਬਿਊਰੋ)- ਸਾਊਦੀ ਅਰਬ ਨੇ ਕੋਰੋਨਾ ਦੇ ਕਾਰਨ ਪਿਛਲੇ ਸਾਲ ਮਾਰਚ ਤੋਂ ਬੰਦ ਕੌਮਾਂਤਰੀ ਉਡਾਣਾਂ ਤੋਂ ਰੋਕ ਹਟਾ ਲਈ ਹੈ ਅਤੇ ਆਪਣੇ ਜ਼ਮੀਨੀਅਤੇ ਸਮੁੰਦਰੀ ਬਾਰਡਰ ਵੀ ਖੋਲ੍ਹ ਦਿੱਤੇ ਹਨ। ਰਾਹਤ ਦੇਣ ਦੇ ਨਾਲ ਕੁਝ ਸ਼ਰਤਾਂ ਵੀ ਲਾਈਆਂ ਗਈਆਂ ਹਨ। ਹਾਲੇ ਭਾਰਤ ਸਮੇਤ ਲਿਬਨਾਨ, ਯਮਨ, ਈਰਾਨ ਅਤੇ ਤੁਰਕੀ ਲਈ ਸਿੱਧੇ ਜਾਂ ਅਸਿੱਧੇ ਰੂਪ ਨਾਲ ਆਉਣ-ਜਾਣ ਵਾਲੀਆਂ ਉਡਾਣਾਂ ਉੱਤੇ ਰੋਕ ਬਰਕਰਾਰ ਰਹੇਗੀ।

ਇਸ ਬਾਰੇ ਸਾਊਦੀ ਅਰਬ ਦੇ ਗ੍ਰਹਿ ਮੰਤਰੀ ਨੇ ਕਿਹਾ ਕਿ ਅਸੀਂ ਪੂਰੀ ਸਮਰੱਥਾ ਨਾਲ ਕੌਮਾਂਤਰੀ ਉਡਾਣਾਂ ਲਈ ਤਿਆਰ ਹਾਂ। ਇੱਥੇ 14 ਮਹੀਨੇ ਤੋਂ ਨਾਗਰਿਕਾਂ ਨੂੰ ਪੂਰੀ ਤਰ੍ਹਾਂ ਬਾਹਰ ਜਾਣ ਦੀ ਰੋਕ ਕਾਰਨ ਵਿਦੇਸ਼ ਵਿੱਚ ਸਿੱਖਿਆ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਜ਼ਿਆਦਾ ਨੁਕਸਾਨ ਹੋ ਰਿਹਾ ਸੀ। ਸਾਊਦੀ ਅਰਬ ਦੀ ਆਬਾਦੀ ਤਿੰਨ ਕਰੋੜ ਹੈ। ਇਨ੍ਹਾਂ ਵਿੱਚੋਂ ਇੱਕ ਕਰੋੜ 15 ਲੱਖ ਤੋਂ ਵੱਧ ਲੋਕਾਂ ਨੂੰ ਵੈਕਸੀਨ ਦੀ ਇੱਕ ਡੋਜ਼ ਲੱਗ ਚੁੱਕੀ ਹੈ। ਨਵੀਆਂ ਗਾਈਡਲਾਈਨਾਂ ਮੁਤਾਬਕ ਯਾਤਰਾ ਲਈ ਦੋ ਹਫਤੇ ਪਹਿਲਾਂ ਜਾਣਕਾਰੀ ਦੇਣੀ ਪਵੇਗੀ। ਇਜਾਜ਼ਤ ਇੱਕ ਵੈਕਸੀਨ ਡੋਜ਼ ਲੈਣ ਵਾਲੇ, ਪਿਛਲੇ ਛੇ ਮਹੀਨਿਆਂ ਵਿੱਚ ਕੋਰੋਨਾ ਮਰੀਜ਼ ਰਹੇ ਲੋਕਾਂ ਨੂੰ ਦਿੱਤੀ ਜਾਵੇਗੀ। ਆਉਣ ਵਾਲੀਆਂ ਉਡਾਣਾਂ ਵਿੱਚ ਹਾਲੇ ਅਮਰੀਕਾ, ਬਰਤਾਨੀਆ, ਫਰਾਂਸ ਸਮੇਤ ਵੀਹ ਦੇਸ਼ਾਂ ਦੇ ਨਾਗਰਿਕਾਂ 'ਤੇ ਰੋਕ ਜਾਰੀ ਰਹੇਗੀ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ। ਸੰਪਰਕ: ਅਜੈਬ ਸਹੋਤਾ

4165618882, 4164544587

A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਫਰੀ ਪਿਕਅਪ

Best Rates For Lessons

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟਰਕਟਰ

647-998-7500 ਬਲਵਿੰਦਰ



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post


# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


WWW.KULWINDERCHHINA.COM



KULWINDERCHHINA BROKER
647.293.2327




## Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8", ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4", Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772


Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਉ ਤੇ ਫਿਰ ਹੋਰਾਂ ਨੂੰ ਵੀ ਲਿਆਉ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਕੈਨੇਡੀਅਨ ਪੰਜਾਬੀ ਪੋਸਟ
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

WANTED
Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

UPPAL LAW

AVTAR UPPAL Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters

AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

